ਅਦਾਰਾ 'ਰੂਹ ਪੰਜਾਬੀ' ਵੱਲੋਂ ਆਪ ਸਭ ਨੂੰ ਨਵੇਂ ਸਾਲ 2023 ਲਈ ਸੁਭਕਾਮਨਾਵਾਂ



ਪ੍ਰੋ. ਸਤਵਿੰਦਰ ਬੇਗੋਵਾਲੀਆ
ਮੁੱਖ ਸੰਪਾਦਕ
98154-65620



ਰਤਨ ਟਾਹਲਵੀ
ਸੰਪਾਦਕ
81462-10637



ਸੁਖਮਿੰਦਰ ਸੇਖੋਂ
98145-07693



ਡਾ. ਕਰਮਜੀਤ ਸਿੰਘ ਨਡਾਲਾ
98151-86532



ਦਲਜੀਤ ਸਿੰਘ ਰਤਨ
98149-44411



ਨਿਸ਼ਾਨ ਸਿੰਘ USA
85449-25105



ਪ੍ਰੋ. ਰਾਮ ਲਾਲ ਭਗਤ




ਸਰੂਪ ਸਿੰਘ ਖਾਸਰੀਆ



ਪ੍ਰੋ. ਸਵਰਨ ਸਿੰਘ ਭਦਾਸ



ਮਾਸਟਰ ਨਿਸ਼ਾਨ ਸਿੰਘ



ਨਵਜੋਤ ਸਿੰਘ USA




ਪ੍ਰੋ. ਸਤਵਿੰਦਰ ਬੇਗੋਵਾਲੀਆ ਵੱਲੋਂ ਰਚਿਤ ਨਾਟਕ 'ਜੇਠੂ ਦਾ ਕੋਠਾ' ਦਾ ਇਕ ਨਾਟਕੀ ਦ੍ਰਿਸ਼

satwinderbegowalia.me

ਪੰਜਾਬ ਕਲਾ ਮੰਚ ਦਾ ਤ੍ਰੈ-ਮਾਸਿਕ


# ਰੂਹ ਪੰਜਾਬੀ


ਸਹਿਯੋਗ 30/- ਜਨਵਰੀ-ਮਾਰਚ 2023 27







ਅੰਮ੍ਰਿਤਾ ਪ੍ਰੀਤਮ ਦਾ ਆਖ਼ਰੀ ਵਕਤ ਇਮਰੋਜ ਨਾਲ ਬੀਤਿਆ।
ਜਦਕਿ ਸੁਰਿੰਦਰ ਕੌਰ ਦਾ ਆਖ਼ਰੀ ਵਕਤ ਉਸ ਦੇ ਗਾਏ ਗੀਤਾਂ ਸੰਗ ਰਿਹਾ।
...........ਮੈਨੂੰ ਜਾਪਿਆ ਕਿ ਸੁਰਿੰਦਰ ਕੌਰ ਦੀ ਆਵਾਜ਼ ਨਾਲ ਪੁਰਾਤਨ ਪੰਜਾਬ ਦੇ ਪੰਜੇ
ਦਰਿਆਵਾਂ ਦੇ ਪਾਣੀ ਚੱਲ ਰਹੇ ਸਨ। ਜਦਕਿ ਅੰਮ੍ਰਿਤਾ ਪ੍ਰੀਤਮ ਦੀ ਆਵਾਜ਼
ਯਮੁਨਾ ਨਦੀ ਦੇ ਕਿਨਾਰਿਆਂ ਨਾਲ ਟਕਰਾਅ ਰਹੀ ਸੀ।





## ਸੰਪਾਦਕੀ ਮੰਡਲ

ਪ੍ਰੋ. ਸਤਵਿੰਦਰ ਬੇਗੋਵਾਲੀਆ
ਮੁੱਖ ਸੰਪਾਦਕ
98154-65620

ਰਤਨ ਟਾਹਲਵੀ
ਸੰਪਾਦਕ
81462-10637

## ਸਰਪ੍ਰਸਤ

ਸੁਖਮਿੰਦਰ ਸੇਖੋਂ
98145-07693

ਡਾ. ਕਰਮਜੀਤ ਸਿੰਘ ਨਡਾਲਾ
98151-86532

## ਕੋਆਰਡੀਨੇਟਰ

ਦਲਜੀਤ ਸਿੰਘ ਰਤਨ
98149-44411

ਨਿਸ਼ਾਨ ਸਿੰਘ USA
85449-25105

ਪ੍ਰੋ. ਰਾਮ ਲਾਲ ਭਗਤ

## ਪ੍ਰਬੰਧਕੀ ਕਮੇਟੀ

ਸਰੂਪ ਸਿੰਘ ਖਾਸਰੀਆ    ਪ੍ਰੋ. ਸਵਰਨ ਸਿੰਘ ਭਦਾਸ    ਮਾਸਟਰ ਨਿਸ਼ਾਨ ਸਿੰਘ    ਨਵਜੋਤ ਸਿੰਘ USA


---

## ਇਸ ਅੰਕ ਦੇ ਲੇਖਕ

### ਸੰਪਾਦਕੀ
ਪ੍ਰੋ. ਸਤਵਿੰਦਰ ਬੇਗੋਵਾਲੀਆ

### ਕਾਵਿ ਸੰਸਾਰ
ਪ੍ਰੋ. ਕੁਲਵੰਤ ਔਜਲਾ, ਸੁਰਿੰਦਰ ਮਕਸੂਦਪੁਰੀ
ਰਤਨ ਟਾਹਲਵੀ, ਡਾ. ਧਰਮ ਚੰਦ ਵਾਤਿਸ਼,
ਸੁਖਮਿੰਦਰ ਸੇਖੋਂ, ਸੁਖਦੇਵ ਸਿੱਧੂ,
ਸ਼ਰਨਜੀਤ ਕੌਰ ਨਿਜ਼ਾਮਪੁਰ

### ਗ਼ਜ਼ਲ ਸੱਥ
ਪ੍ਰੋ. ਗੁਰਭਜਨ ਗਿੱਲ, ਪ੍ਰਤਾਪ ਪਾਰਸ ਗੁਰਦਾਸਪੁਰੀ
ਕੁਲਦੀਪ ਕੌਰ ਚੱਠਾ, ਜਨਕਪ੍ਰੀਤ ਬੇਗੋਵਾਲ,
ਭੁਪਿੰਦਰ ਸੰਧੂ, ਪ੍ਰੋ. ਜਸਵੰਤ ਸਿੰਘ ਕੈਲਵੀ,

### ਗੀਤਾਂ ਦੀ ਗੂੰਜ
ਰਤਨ ਟਾਹਲਵੀ, ਜਗਜੀਤ ਸਿੰਘ ਗੁਰਮ,

### ਮਿੰਨੀ ਕਹਾਣੀਆਂ
ਕਰਮਵੀਰ ਸਿੰਘ ਸੂਰੀ,
ਡਾ. ਕਰਮਜੀਤ ਸਿੰਘ ਨਡਾਲਾ,
ਭੀਮ ਸਿੰਘ ਗਰਚਾ, ਰਘਬੀਰ ਸਿੰਘ ਮਹਿਮੀ,
ਮਲਕੀਤ ਦਰਦੀ

### ਨਿਬੰਧ
ਭੁਪਿੰਦਰ ਉਸਤਾਦ,
ਰਜਿੰਦਰ ਵਰਮਾ

### ਨਾਟਕ
ਪ੍ਰੋ. ਸਤਵਿੰਦਰ ਬੇਗੋਵਾਲੀਆ

### ਸਮੀਖਿਆ
ਸਤਵਿੰਦਰ ਬੇਗੋਵਾਲੀਆ, ਰਾਜਿੰਦਰ ਵਰਮਾ


ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ।
ਸੰਪਾਦਕੀ ਮੰਡਲ ਦੇ ਸਾਰੇ ਵਿਅਕਤੀ ਆਨਰੇਰੀ ਤੌਰ 'ਤੇ ਕੰਮ ਕਰਦੇ ਹਨ।


ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ ਜਲੰਧਰ ਤੋਂ ਜਾਰੀ ਕੀਤਾ।



**ਰਚਨਾਵਾਂ ਭੇਜਣ ਲਈ ਪਤਾ**

**Email : satwinderbegowal@gmail.com**
**daljit44411@yahoo.co.in**

ਲੇਖਕ ਆਪਣੀਆਂ ਰਚਨਾਵਾਂ 98154-65620 ਤੇ ਵਟਸਐਪ ਕਰਨ ਦੀ ਖੇਚਲ ਕਰਨ
ਡਾਕ ਰਾਹੀਂ ਭੇਜਣ ਦੇ ਚਾਹਵਾਨ ਆਪਣੀਆਂ ਰਚਨਾਵਾਂ ਟਾਈਪ ਕਰਕੇ ਰਜਿਸਟਰਡ ਪਾਰਸਲ
ਰਾਹੀਂ ਹੇਠ ਲਿਖੇ ਪਤੇ 'ਤੇ ਭੇਜ ਸਕਦੇ ਹਨ।
ਸਤਵਿੰਦਰ ਬੇਗੋਵਾਲੀਆ, ਟਾਂਡਾ ਰੋਡ, ਵਾਰਡ ਨੰ. 2 ਬੇਗੋਵਾਲ (ਕਪੂਰਥਲਾ) 144621

*ਸੰਪਾਦਕੀ*

# ਅੱਗ ਮੇਰੇ ਖੇਤੋਂ ਲੰਘ ਨਾ ਸਕੀ

ਅਕਤੂਬਰ 2017 ਦਾ ਸਮਾਂ। ਕੰਬਾਈਨਾਂ ਝੋਨੇ ਦੀ ਫਸਲ ਕੱਟ ਕੇ ਵਿਹਲੀਆਂ ਹੋ ਗਈਆਂ ਸਨ। ਨਿੱਤ ਅਖ਼ਬਾਰਾਂ ਵਿਚ ਬੁੱਧੀਜੀਵੀਆਂ ਅਤੇ ਵਾਤਾਵਰਣ ਪ੍ਰੇਮੀਆਂ ਦੇ ਬਿਆਨ ਛਪ ਰਹੇ ਸਨ 'ਪਰਾਲੀ ਨੂੰ ਅੱਗ ਨਾ ਲਾਉ ਵਾਤਾਵਰਣ ਬਚਾਉ।' ਖੇਤੀਬਾੜੀ ਮਾਹਿਰ ਸਲਾਹਾਂ ਦੇ ਰਹੇ ਸਨ ਕਿ ਪੈਲੀ ਨੂੰ ਇਸ ਤਕਨੀਕ ਨਾਲ ਵਾਹੁਣਾ ਹੈ ਕਿ ਪਰਾਲੀ ਦਾ ਕੁਤਰਾ ਹੋ ਕੇ ਮਿੱਟੀ ਵਿੱਚ ਰਲ ਜਾਵੇ। ਸਵੇਰ ਦੀ ਸੈਰ ਕਰਨ ਦਾ ਆਦੀ ਹੋਣ ਕਾਰਨ ਮੈਂ ਵੀ ਚਿੰਤਤ ਸਾਂ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਹਾਲਤ ਵਿੱਚ ਚਾਰ ਚੁਫੇਰੇ ਧੂੰਆਂ ਪਸਰ ਜਾਵੇਗਾ। ਮੈਂ ਆਪਣੀ ਪੈਲੀ ਵਿਚੋਂ ਤਿੰਨ ਏਕੜ ਵਿੱਚ ਝੋਨੇ ਦੀ ਫਸਲ ਪੈਦਾ ਕੀਤੀ ਸੀ। ਕੰਬਾਈਨ ਦੁਆਰ ਕਟਾਈ ਕਰਵਾਉਣ ਉਪਰੰਤ ਝੋਨੇ ਦੇ ਡੇਢ ਫੁੱਟ ਮੁੱਢਾਂ ਉਪਰ ਪਰਾਲੀ ਵਿਛੀ ਹੋਈ ਸੀ। ਇਕ ਦਿਨ ਸ਼ਾਮ ਨੂੰ ਮੈਂ ਦ੍ਰਿੜਤਾ ਨਾਲ ਮਨ 'ਚ ਫੈਸਲਾ ਕਰ ਲਿਆ ਕਿ ਪਰਾਲੀ ਨੂੰ ਕਿਸੇ ਵੀ ਹਾਲਤ ਵਿੱਚ ਅੱਗ ਨਹੀਂ ਲਗਾਈ ਜਾਵੇਗੀ।

ਅਗਲੀ ਸਵੇਰ ਛੇ ਵਜੇ ਮੈਂ ਇਕ ਛੋਟਾ ਜਿਹਾ ਤੱਪੜ (ਪੱਲੀ) ਅਤੇ ਤਰੰਗਲੀ ਲੈ ਕੇ ਆਪਣੇ ਖੇਤਾਂ ਵਿੱਚ ਪਹੁੰਚ ਗਿਆ। ਪਿਛਲੇ ਪੰਝੀ ਸਾਲ ਸਾਹਿਤ ਅਤੇ ਕਲਾ ਨਾਲ ਸਾਂਝ ਹੋਣ ਕਾਰਨ ਖੇਤਾਂ ਵਿੱਚ ਕੰਮ ਤੋਂ ਟੁੱਟਿਆ ਤਰੰਗਲੀ ਨਾਲ ਪਰਾਲੀ ਇਕੱਠੀ ਕਰਕੇ, ਢੇਰੀਆਂ ਬਣਾ ਕੇ, ਤੱਪੜ ਤੇ ਪੰਝੀ ਕੁ ਕਿਲੋ ਪਰਾਲੀ ਪਾ ਕੇ ਪੰਡ ਬਣਾ ਕੇ ਸਿਰ ਤੇ ਚੁੱਕ ਲੈਂਦਾ ਤਾਂ ਮਹਿਸੂਸ ਹੁੰਦਾ ਜਿਵੇਂ ਇੱਕ ਪਾਤਰੀ ਨਾਟਕ ਦਾ ਮੰਚਨ ਹੋ ਰਿਹਾ ਹੋਵੇ। ਇੱਕ ਇੱਕ ਏਕੜ ਦੇ ਤਿੰਨ ਖੇਤਾਂ ਵਿੱਚ ਮੈਂ ਦੋ ਥਾਵਾਂ ਦੀ ਚੋਣ ਕਰ ਲਈ ਸੀ। ਜਿਥੇ ਅਸਾਨੀ ਨਾਲ ਪਰਾਲੀ ਨੂੰ ਢੋਇਆ ਜਾ ਸਕਦਾ ਸੀ। ਦੋ ਘੰਟੇ ਬਾਅਦ ਮੈਂ ਥੋੜੀ ਥਕਾਵਟ ਮਹਿਸੂਸ ਕੀਤੀ ਤਾਂ ਮੈਂ ਪਰਾਲੀ ਉਤੇ ਬੈਠ ਕੇ ਹੀ ਥਰਮਸ ਖੋਲ੍ਹ ਕੇ ਦੋ ਕੱਪ ਚਾਹ ਪੀਤੀ। ਚਾਹ ਪੀਣ ਦਾ ਇੰਨਾ ਸੁਆਦ ਪਹਿਲਾਂ ਕਦੇ ਵੀ ਮਹਿਸੂਸ ਨਹੀਂ ਸੀ ਕੀਤਾ। ਇੱਕ ਘੰਟਾ ਹੋਰ ਕੰਮ ਕਰਨ ਉਪਰੰਤ ਘਰ ਪਰਤ ਆਇਆ। ਉਸੇ ਦਿਨ ਬਾਅਦ ਦੁਪਹਿਰ 3 ਵਜੇ ਖੇਤਾਂ 'ਚ ਪਹੁੰਚ ਕੇ ਦੋ ਘੰਟੇ ਹੋਰ ਲਾਏ। ਇੰਜ ਅੱਧਾ ਏਕੜ ਪਰਾਲੀ ਇਕੱਠੀ ਹੋ ਚੁੱਕੀ ਸੀ। ਅਗਲੇ ਦਿਨ ਇਕ ਸਾਹਿਤ ਸਭਾ ਦੀ ਮਾਸਿਕ ਮੀਟਿੰਗ ਵਿੱਚ ਹਾਜ਼ਰੀ ਭਰਨੀ ਸੀ। ਸਾਹਿਤ ਸਭਾ ਦੇ ਪ੍ਰੋਗਰਾਮ ਨਾਲੋਂ ਮੈਂ ਖੇਤੀਂ ਕੰਮ ਕਰਨਾ ਬੇਹਤਰ ਸਮਝਿਆ। ਸਾਹਿਤ ਸਭਾਵਾਂ ਦੇ ਈਰਖਾਲੂ ਮਾਹੌਲ ਦੇ ਮੁਕਾਬਲੇ ਮੈਨੂੰ ਖੇਤਾਂ ਦੀ ਠੰਡੀ ਮਿੱਠੀ ਪੌਣ ਨੇ ਮੋਹ ਲਿਆ।

ਦੂਸਰੇ ਦਿਨ ਵੀ ਇੰਝ ਕੰਮ ਕਰਦੇ ਹੋਏ ਇਕ ਏਕੜ ਦੀ ਪਰਾਲੀ ਦਾ ਖਲਵਾੜਾ ਲਗਾ ਦਿੱਤਾ। ਉਸੇ ਸਮੇਂ ਪ੍ਰਸ਼ਾਸਨ ਕਿਸਾਨਾਂ ਨੂੰਚਿਤਾਵਨੀ ਦੇ ਰਿਹਾ ਸੀ ਕਿ ਪਰਾਲੀ ਨੂੰ



ਅੱਗ ਲਗਾਉਣ ਵਾਲੇ ਕਿਸਾਨ ਖਿਲਾਫ਼ ਕੇਸ ਦਰਜ ਕੀਤਾ ਜਾਵੇਗਾ। ਸ਼ਾਇਦ ਇਸੇ ਕਰਕੇ ਕਿਸਾਨ ਪਰਾਲੀ ਸਾੜ ਨਾ ਸਕੇ ਪਰ ਇੱਕ ਦੂਸਰੇ ਦੇ ਮੂੰਹ ਵੱਲ ਝਾਕ ਰਹੇ ਸਨ। ਮੈਨੂੰ ਡਰ ਸੀ ਕਿ ਮੇਰੇ ਖੇਤਾਂ ਦੇ ਨੇੜੇ ਕੋਈ ਕਿਸਾਨ ਅੱਗ ਨਾ ਲਗਾ ਦੇਵੇ। ਇਸੇ ਫ਼ਿਕਰ ਕਾਰਨ ਮੈਂ ਇਕ ਬਿਹਾਰੀ ਮਜ਼ਦੂਰ ਦੀਆਂ 400 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਸੇਵਾਵਾਂ ਲਈਆਂ। ਦੋ ਦਿਨਾਂ ਬਾਅਦ ਬਾਕੀ ਦੋ ਏਕੜ ਦੀ ਪਰਾਲੀ ਵੀ ਇਕੱਠੀ ਕਰ ਕੇ ਸੰਤੁਸ਼ਟੀ ਮਹਿਸੂਸ ਕੀਤੀ ਜਿਵੇਂ ਮੈਂ ਕੋਈ ਮੈਚ ਜਿੱਤ ਲਿਆ ਹੋਵੇ। ਮਜ਼ਦੂਰ ਦੇ ਦੋ ਦਿਨਾਂ ਦੇ 800 ਰੁਪਏ ਦੇ ਕੇ ਮੈਨੂੰ ਉਹ ਖੇਤੀਬਾੜੀ ਮਾਹਿਰ ਅਤੇ ਰਾਜਸੀ ਲੀਡਰ ਝੂਠੇ ਜਾਪੇ ਜੋ ਕਿਸਾਨ ਲਈ ਪ੍ਰਤੀ ਏਕੜ ਪਰਾਲੀ ਦੀ ਸੰਭਾਲ ਦੇ ਦੋ ਤਿੰਨ ਹਜ਼ਾਰ ਰੁਪਏ ਦੀ ਮੰਗ ਕਰਦੇ ਸਨ। ਮੈਨੂੰ ਖੁਸ਼ੀ ਭਰਿਆ ਅਹਿਸਾਸ ਹੋਇਆ ਜਿਵੇਂ ਮੈਂ ਵਾਤਾਵਰਣ ਪ੍ਰੇਮੀ ਬਣ ਗਿਆ ਹੋਵਾਂ। ਦੋ ਦਿਨ ਬਾਅਦ ਕਿਸੇ 'ਜ਼ਿੰਮੇਵਾਰ' ਸ਼ਖਸੀਅਤ ਦਾ ਬਿਆਨ ਆਇਆ ਕਿ ਪਰਾਲੀ ਸਾੜਨ ਵਾਲੇ ਕਿਸੇ ਕਿਸਾਨ ਖਿਲਾਫ਼ ਕੋਈ ਕੇਸ ਦਰਜ ਨਹੀਂ ਕੀਤਾ ਗਿਆ। ਫਿਰ ਕੀ ਸੀ? ਵੇਖਦੇ ਵੇਖਦੇ ਚਾਰ ਚੁਫ਼ੇਰੇ ਅੱਗ ਦੀਆਂ ਲਪਟਾਂ, ਧੂੰਏ ਦੇ ਗੁਬਾਰ ਵਾਤਾਵਰਣ ਪ੍ਰੇਮੀਆਂ ਨੂੰ ਮਖੌਲ ਕਰ ਰਹੇ ਸਨ। ਪਰ ਕੋਈ ਅੱਗ ਮੇਰੇ ਖੇਤ 'ਚੋਂ ਨਹੀਂ ਲੰਘ ਸਕੀ।

ਦੂਜੇ ਪਾਸੇ ਬੰਦ ਕਮਰਿਆਂ ਵਿੱਚ 'ਵਿਦਵਾਨ' ਲੋਕ ਵਾਤਾਵਰਣ ਸਬੰਧੀ ਵਾਰੋ ਵਾਰੀ ਹਾਜ਼ਰੀ ਭਰ ਰਹੇ ਸਨ।

**ਪ੍ਰੋ. ਸਤਵਿੰਦਰ ਬੇਗੋਵਾਲੀਆ**

◆◆◆

# ਕਾਵਿ ਸੰਸਾਰ

## ਬਰਕਤ ਮਿੱਟੀ ਦੀ

*ਪ੍ਰੋ. ਕੁਲਵੰਤ ਸਿੰਘ ਔਜਲਾ*



ਬਰਕਤ ਮਿੱਟੀ ਦੀ ਕਮਾਲ ਕਮਾਲ ਸਾਈਆਂ
ਉਗਦੇ ਮਿੱਟੀ ਵਿੱਚੋਂ ਮਿਰਜ਼ੇ ਤੇ ਮਹੀਂਵਾਲ ਸਾਈਆਂ
ਮਿੱਟੀ ਦੀ ਧੜਕਣ ਗੰਗਾ ਤੇ ਗੋਦਾਵਰੀਆਂ
ਮਿੱਟੀ ਕੁਦਰਤ ਦਾ ਕਾਵਿਕ ਖ਼ਿਆਲ ਸਾਈਆਂ
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਚਲੇ ਜਾਈਏ
ਚੇਤਾ ਮਿੱਟੀ ਦਾ ਰਹੇ ਨਾਲ-ਨਾਲ ਸਾਈਆਂ
ਮਿੱਟੀ ਮਾਨਵਤਾ ਦੀ ਸੰਗਮਰਮਰੀ ਹੋ ਜਾਵੇ ਜਦੋਂ
ਬੇਸੁਰੇ ਹੋ ਜਾਣ ਸੁਰ, ਲੈਅ ਤੇ ਤਾਲ ਸਾਈਆਂ
ਮਿੱਟੀ ਦਾਨਿਸ਼ਵਰਾਂ ਤੇ ਦਰਵੇਸ਼ਾਂ ਦਾ ਦਿਲ
ਮਿੱਟੀ ਖ਼ਾਬਾਂ ਰਬਾਬਾਂ ਦੀ ਟਕਸਾਲ ਸਾਈਆਂ
ਜਦੋਂ ਵੀ ਕਦੇ ਮਹਾਂਮਾਰੀ ਜਾਂ ਮੁਸੀਬਤ ਆਈ
ਮਿੱਟੀ ਬਣਦੀ ਰਹੀ ਢਾਰਸ ਤੇ ਢਾਲ ਸਾਈਆਂ
ਚੁਲ੍ਹੇ ਦੀ ਅੱਗ ਵਿਚ ਤਪ ਤਪ ਕੇ
ਮਮਤਾ ਹੋ ਜਾਂਦੀ ਸੁਰਖ਼ ਲਾਲ ਸਾਈਆਂ
ਮਿੱਟੀ ਬਨਸਪਤੀ ਨੂੰ ਜੜ੍ਹਾਂ ਤੇ ਜਾਨ ਬਖਸ਼ੇ
ਬਖਸ਼ੇ ਜ਼ਿੰਦਗੀਆਂ ਨੂੰ ਜਾਹੋ ਜਲਾਲ ਸਾਈਆਂ
ਹਰ ਇੱਕ ਨੇ ਅੰਤ ਮਿੱਟੀ ਵਿੱਚ ਲੀਨ ਹੋਣਾ
ਫੇਰ ਕਾਹਦਾ ਰੌਲਾ ਤੇ ਕਾਹਦਾ ਬਵਾਲ ਸਾਈਆਂ
ਕੋਈ ਆਦਿ ਆਖੇ, ਕੋਈ ਅੰਤ ਇਸਨੂੰ
ਕੋਈ ਸਰਾਂ ਆਖੇ, ਕੋਈ ਕਹੇ ਧਰਮਸ਼ਾਲ ਸਾਈਆਂ
ਬਰਕਤ ਮਿੱਟੀ ਦੀ ਕਮਾਲ ਕਮਾਲ ਸਾਈਆਂ।

◆◆◆



*ਕਵਿਤਾ ਅਕਵਿਤਾ*

## ਕਵਿਤਾ ਮਹਿਜ਼

*ਸੁਰਿੰਦਰ ਮਕਸੂਦਪੁਰੀ*

ਕਿਸੇ ਵਾਰਤਕ ਟੁਕੜੇ ਦੀ ਤੋੜ-ਮਰੋੜ
ਜਾਂ ਉਘੜ-ਦੁੱਘੜ ਸ਼ਬਦਾਂ, ਸਤਰਾਂ ਦੀ
ਬੇਤਰਤੀਬੀ ਬਣਤਰ-ਬੁਣਤਰ ਹੀ ਨਹੀਂ ਹੁੰਦੀ।

ਕਵਿਤਾ ਮਹਿਜ਼
ਭਾਰੀ-ਭਰਕਮ ਬਿੰਬਾਂ, ਪ੍ਰਤੀਕਾਂ, ਸੰਕੇਤਾਂ
ਅਲੰਕਾਰਾਂ ਦੇ ਬੋਝ ਹੇਠ ਦੱਬੀ
ਗੂੜ੍ਹ-ਗਿਆਨੀ/ਵਿਦਵਾਨ ਕਵੀਆਂ ਦੀ ਪਾਈ
ਬੇਸਮਝ, ਗੁੰਝਲਦਾਰ ਬੁਝਾਰਤ ਹੀ ਨਹੀਂ ਹੁੰਦੀ।

ਕਵਿਤਾ ਮਹਿਜ਼
ਮਹਿਬੂਬ ਸੰਗ ਸੰਵਾਦ ਰਚਾਉਣ
ਉਹਦੇ ਵਸਲ-ਵਿਛੋੜਿਆਂ ਦਾ ਕਿੱਸਾ ਦੁਹਰਾਉਣ
ਜਾਂ ਉਹਦੇ ਪਿਆਰ ਵਿੱਚ ਮੋਏ ਬੰਦਿਆਂ ਦੇ
ਮਿੱਠੇ ਵਚਨ-ਵਾਅਦਿਆਂ ਦੀ
ਵਾਰਤਾ ਹੀ ਨਹੀਂ ਹੁੰਦੀ।

ਕਵਿਤਾ ਮਹਿਜ਼
ਰੁੱਸੇ-ਰੁੱਠੇ ਉਦਾਸ ਪਲਾਂ ਵਿੱਚ
ਸਾਹਿਤਕ ਮਨੋਰੰਜਨ ਦਾ ਸਾਧਨ ਹੀ ਨਹੀਂ ਹੁੰਦੀ
ਸਮੁੱਚੀ ਜੀਵਨ-ਜਾਚ ਦੀ
ਬੁਲੰਦ ਮੰਜ਼ਿਲ ਵੱਲ ਜਾਂਦੇ
ਰੌਸ਼ਨ ਰਾਹ-ਰਸਤਿਆਂ
ਦਰਸ਼ਨੀ, ਸਰਵਣੀ ਸੰਦਲੀ ਪੈੜਾਂ ਦੇ
ਸਹਿਜ-ਸਫ਼ਰ ਦਾ ਸਿਰਨਾਵਾਂ ਵੀ ਬਣਦੀ।

ਕਵਿਤਾ ਮਹਿਜ਼
ਕਾਵਿ-ਕੈਨਵਸ ਦੇ ਮੁੱਖੜੇ 'ਤੇ
ਜਾਂ ਕੋਰੇ ਕਾਗਜ਼ ਦੇ ਟੁਕੜੇ 'ਤੇ
ਜਗਿਆਸੂ ਮਨ ਦੇ ਕੋਮਲ ਹਾਵਾਂ-ਭਾਵਾਂ
ਅਹਿਸਾਸਾਂ-ਵਲਵਲਿਆਂ, ਤੋਲ-ਤਾਲਾਂ ਦੇ
ਨਵੇਂ-ਨਵੇਲੇ ਨਕਸ਼-ਨੁਹਾਰ ਹੀ ਨਹੀਂ ਚਿਤਰਦੀ
ਚੇਤਨਾ, ਚਿੰਤਨ, ਮੰਥਨ
ਅਤੇ ਦਲੀਲਾਂ ਦੇ ਦਾਰਸ਼ਨਿਕ ਰੰਗ ਰਚਦੀ
'ਸਤਿਅਮ, ਸ਼ਿਵਮ, ਸੁੰਦਰਮ' ਦੀ
ਸੱਚੀ ਗਵਾਹੀ ਵੀ ਭਰਦੀ!

◆◆◆

## ਅਨਾੜੀ ਪਾਠਕ ਨੂੰ

**ਡਾ. ਧਰਮ ਚੰਦ ਵਾਤਿਸ਼**

ਕਵਿਤਾ ਲਿਖਣੋਂ
ਪਹਿਲਾਂ ਬੀਬਾ
ਮੈਂ ਤਾਂ ਤੈਨੂੰ
ਪੜ੍ਹਿਆ ਸੀ
ਜੇਕਰ ਤੈਨੂੰ
ਸਮਝ ਨਹੀਂ ਆਈ
ਤੂੰ ਕਵਿਤਾ ਨਾ
ਪੜ੍ਹਿਆ ਕਰ।
ਕਵਿਤਾ ਪੜ੍ਹਨੋਂ
ਪਹਿਲਾਂ ਬੀਬਾ
ਆਪਣਾ ਆਪ
ਪੜ੍ਹਨਾ ਪੈਂਦੈ
ਜੀ ਤੂੰ ਆਪਾ
ਨਹੀਉਂ ਪੜ੍ਹਨਾ



ਤੂੰ ਕਵਿਤਾ ਨਾ
ਪੜ੍ਹਿਆ ਕਰ।
ਕਵਿਤਾ ਪੜ੍ਹਨੀ ਹੋਵੇ ਜੇਕਰ
ਕਵਿਤਾ ਹੀ
ਬਣ ਜਾਣਾ ਹੁੰਦੈ।
ਇਸ ਜੀਵਨ ਦਾ
ਦੁੱਖ ਸੁੱਖ ਸਾਰਾ
ਕਵਿਤਾ ਸੰਗ
ਹੰਢਾਣਾਂ ਹੁੰਦੈ।
ਕਵਿਤਾ ਪੜ੍ਹਨਾ
ਕਵੀ ਦੇ ਅੰਦਰ
ਧੁਰ ਤੀਕਰ
ਲਹਿ ਜਾਣਾ ਹੁੰਦੈ।
ਉਸੇ ਸਮਾਧੀ
ਉਸੇ ਪਲ ਵਿੱਚ
ਰਹਿ ਰਹਿ ਕੇ
ਬਹਿ ਜਾਣਾ ਹੁੰਦੈ।
ਵਿਚਾਰਾਂ ਸੰਗ
ਭਾਵਾਂ ਦੀ ਕੁਸ਼ਤੀ
ਢਾਹ ਲੈਣਾ ਹੁੰਦੈ।
ਤੈਥੋਂ ਇਹ ਕੁੱਝ
ਹੋ ਨਹੀਂ ਸਕਣਾ
ਤੂੰ ਇਹ ਪੀੜਾ
ਸਹਿ ਨਹੀਂ ਸਕਣਾ।
ਕਵਿਤਾ ਤੋਂ
ਸੁਹਜ ਦਾ ਲਾਹਾ
ਤੈਂ ਬੀਬਾ ਜੀ!
ਲੈ ਨਹੀਂ ਸਕਣਾ।
ਸ਼ਬਦਾਂ ਦੀ
ਮੰਝਧਾਰ 'ਚ
ਵਹਿੰਦੀ ਹੈ ਕਵਿਤਾ।
ਫਿਰ ਵੀ
ਸ਼ਬਦੋਂ ਪਾਰ ਹੀ
ਰਹਿੰਦੀ ਹੈ ਕਵਿਤਾ।
ਸ਼ਬਦ ਤਾਂ
ਇਸ ਦਾ ਤਨ ਹੈ
ਰੂਪ ਨਹੀਂ ਕਵਿਤਾ ਦੀ।
ਸ਼ਬਦ-ਕੋਸ਼
ਤਕ ਸੀਮਤ
ਜੂਹ ਨਹੀਂ ਕਵਿਤਾ ਦੀ।
ਸ਼ਬਦਾਂ ਤੋਂ
ਜੇ ਪਾਰ ਉਡਾਰੀ
ਤੇਰੀ ਨਹੀਂ।
ਕਵਿਤਾ ਦੇ ਨਾਲ
ਪ੍ਰੁੱਗਣੀ ਯਾਰੀ
ਤੇਰੀ ਨਹੀਂ।
ਇਸੇ ਲਈ ਮੈਂ
ਆਖ ਰਿਹਾ ਹਾਂ
ਇਸ ਵਿਹੜੇ ਨਾ
ਵੜਿਆ ਕਰ
ਤੂੰ ਕਵਿਤਾ ਨਾ
ਪੜ੍ਹਿਆ ਕਰ
ਹੋਰ ਜੋ ਮਰਜ਼ੀ
ਪੜ੍ਹਿਆ ਕਰ।

**496, ਅਜੀਤ ਨਗਰ (ਨੇੜੇ ਗਰੇਵਾਲ ਚੌਂਕ)**
**ਮਾਲੇਰਕੋਟਲਾ-148023**

◆◆◆

# ਫਕੀਰ ਵਿਹੜੇ ਧੂਣੀ

-ਸੁਖਮਿੰਦਰ ਸੇਖੋਂ

ਫਕੀਰੀਆ ਕੋਲ ਕਿਹੜੀ ਜ਼ਮੀਨ?
ਬਾਵਜੂਦ ਇਸਦੇ ਕੇਰਦਾ ਰਿਹਾ ਉਹ
ਅਵਾਮ ਦੇ ਦਿਲਾਂ ਵਿਚ ਬੀਜ
ਖੇਤੀ ਕੀਤੀ
ਕਰੂੰਬਲਾਂ ਫੁੱਟੀਆਂ
ਦਿਮਾਗ ਦੀ ਬੰਜਰ ਵੀ
ਜ਼ਰਖੇਜ਼ ਹੋ ਉਠੀ
ਚੂੰਕਿ ਕਿਰਸਾਨ ਬੇਸ਼ੱਕ ਸਾਧਨਹੀਣ ਵੀ ਹੋਵੇ
ਅੱਖਰਾਂ ਦੀ ਖੇਤੀ ਨਾਲ
ਧਰਤੀ ਦੇ ਕੋਨੇ ਕੋਨੇ
ਕਾਲੇ ਤੇ ਲਾਲ ਅੱਖਰਾਂ ਨਾਲ
ਉਕਰਾ ਦਿੰਦਾ ਹੈ ਅਜਿਹੇ ਚੰਦ ਸ਼ਬਦ
ਸਾਰਾ ਪਾਣੀ
ਸਾਰਾ ਸਮੁੰਦਰ
ਸਾਰੇ ਪਹਾੜ ਕੀ
ਸਾਰੀ ਧਰਤ
ਉਸਦੇ ਨਾਉਂ ਕਰੇ
ਸਮੇਤ ਇੰਤਕਾਲ
ਦੇਸੀ ਵਿਦੇਸ਼ੀ ਸਾਰੇ ਇਕਰਾਰਨਾਮੇ
ਹੋਣ ਰੱਦੀ ਹਵਾਲੇ!
ਫਕੀਰੀਆਂ ਦੀ ਧੂਣੀ 'ਤੇ ਜੁੜਣ
ਫਕੀਰਾਂ-ਦਿਲਗੀਰਾਂ ਦੇ ਮੇਲੇ!

**ਮਕਾਨ ਨੰ. 5, ਘੁੰਮਣ ਨਗਰ, ਗਲੀ ਨੰ. 8**
**ਸਰਹਿੰਦ ਰੋਡ, ਪਟਿਆਲਾ-147004**
**ਮੋ. 98145-07693**

◆◆◆



# ਤਰਕਸ਼ੀਲਾਂ ਨੇ ਆਉਣਾ

-ਸੁਖਦੇਵ ਸਿੱਧੂ

ਅੱਜ ਤਰਕਸ਼ੀਲਾਂ ਨੇ ਆਉਣਾ.... ਤਾਜਾ ਖ਼ਬਰ ਸੁਣੋ।
ਉਹਨਾਂ ਵਹਿਮਾਂ ਨੂੰ ਮਾਰ ਭਜਾਉਣਾ-ਸਾਰੇ ਖ਼ਬਰ ਸੁਣੋ।
ਸੰਤ, ਬਾਬੇ ਵਿਹਲੇ ਰਹਿ ਕੇ ਕਿੰਨਾ ਵਧੀਆ ਸਰਦੇ ਨੇ।
ਆਪਣੇ ਦੰਭ ਨੂੰ ਲੁਕਾ ਲੁਕਾ ਕੇ, ਸੌ ਚਲਿੱਤਰ ਕਰਦੇ ਨੇ।
ਲੋਕਾਂ ਨੂੰ ਰੋਟੀ ਦਾ ਸਹਿੰਸਾ, ਵਿਹਲੇ ਸੰਘ ਤੱਕ ਭਰਦੇ ਨੇ।
ਵਹਿਮ ਦੇ ਚਿੱਕੜ ਵਿੱਚ ਡੁਬੋਂਦੇ, ਆਪ ਸਰੋਵਰ ਤਰਦੇ ਨੇ
ਪਿੰਡੋਂ ਪਿੰਡ ਬਣਾ ਯੂਨਿਟਾਂ, ਸਮਾਜ ਨੂੰ ਸੇਧੇ ਪਾਉਣਾ ਬਈ......।

ਧਰਮ ਦੇ ਠੇਕੇਦਾਰ ਨੇ ਦੱਸਦੇ, ਫ਼ਲ ਕਿਸਮਤ ਦਾ ਮਿਲਦਾ ਆ।
ਕੂੜ-ਕਪਟ ਸ਼ੈਤਾਨ ਦਾ ਅੱਡਾ, ਅੱਡੀਆਂ ਚੁੱਕ ਚੁੱਕ ਕਿੱਲਦਾ ਆ।
ਮਜ਼ਹਬੀ ਖਾਸਾ ਅਸਲੋਂ ਭੈੜਾ, ਬੰਦਾ ਬਾਜੀਆਂ ਮਿਲਦਾ ਆ।
ਇਸ ਦਾ ਭੇਤ ਖੁੱਲਣ ਤੇ ਪਾਵਾ, ਹਰ ਗੱਦੀ ਦਾ ਹਿਲਦਾ ਆ।
ਬੇਈਮਾਨਾਂ ਤੋਂ ਮੁਕਤੀ ਪਾਉਣੀ, ਪਰਦਾਫਾਸ਼ ਕਰਾਉਣਾ ਬਈ।...

ਮਨਾਂ ਦੇ ਵਿੱਚ ਵੀ ਵਹਿਮ ਬਿਠਾਏ, ਮਟੀਆਂ ਵਾਲੇ ਬਾਬੇ ਨੇ।
ਬਲੀ ਲੈਣ ਦੇ ਢੋਂਗ ਸਿਖਾਏ, ਤਪੀਆਂ ਵਾਲੇ ਬਾਬੇ ਨੇ।
ਦੁਖੀਆਂ ਦੇ ਘਰ ਨੇਰ੍ਹੇ ਪਾਏ, ਬੱਤੀਆਂ ਵਾਲੇ ਬਾਬੇ ਨੇ।
ਚਿਮਟੇ ਮਾਰ ਮਰੀਜ਼ ਸੁਜਾਏ, ਜਤੀਆਂ ਵਾਲੇ ਬਾਬੇ ਨੇ।
ਨਾਂਗੇ, ਛਾਂਗੇ, ਹਠੀਆਂ ਨੂੰ ਵੀ ਚੰਗਾ ਸਬਕ ਸਿਖਾਉਣਾ ਬਈ....।

ਠੱਗਾਂ ਦੇ ਸਿਰ ਹੱਥ ਹੈ ਹੁੰਦਾ, ਲੁੱਟ ਚੋਂਘ ਸਰਕਾਰਾਂ ਦਾ।
ਸਰਮਾਏਦਾਰੀ ਇੰਨੀ ਭਾਰੂ, ਭਰਿਆ ਮਨ ਮਕਾਰਾਂ ਦਾ।
ਦੋਹਾਂ ਤੋਂ ਸ਼ੁਰੂਆਤ ਹੈ ਹੁੰਦੀ, ਮਾਨਵੀ ਅਤਿਆਚਾਰਾਂ ਦਾ।
ਇਸ ਜੰਗਲ ਵਿੱਚ ਕਤਲ ਪਿਆ ਹੋਵੇ, ਬੇਬੱਸ ਬੱਧੇ ਸ਼ਿਕਾਰਾਂ ਦਾ।
ਅਸਲੀ ਦੋਸ਼ੀ ਤੇ ਤੀਰ ਸੇਧਕੇ, ਢੂੰਡ ਕੇ ਅੱਜ ਵਿਖਾਉਣਾ ਬਈ...।

**ਪਿੰਡ ਤੇ ਡਾ. ਸਿਧਵਾਂ ਦੋਨਾਂ**
**(ਕਪੂਰਥਲਾ)-144625**
**ਫ਼ੋਨ 98886-33481**

◆◆◆

## ਖਾਮੋਸ਼ ਰਿਸ਼ਤਾ

**ਸ਼ਰਨਜੀਤ ਕੌਰ ਨਿਜ਼ਾਮਪੁਰ**



ਹਰ ਰੋਜ਼ ਉਨ੍ਹਾਂ ਰਾਹਾਂ ਤੇ ਉਹ ਆਉਂਦਾ ਸੀ।
ਜਿਨ੍ਹਾਂ ਰਾਹਾਂ ਤੋਂ ਮੈਂ ਲੰਘਦੀ ਸੀ।
ਤੱਕਦੀ ਸੀ, ਅੱਖਾਂ ਚੁਰਾਉਂਦੀ ਸੀ।
ਦਿਲ ਵਿੱਚ ਹੀ ਮੁਸਕਰਾਉਂਦੀ ਸੀ।
ਇੱਕ ਦੋ ਵਾਰੀ ਉਹਨੇ ਵੀ ਤੱਕਿਆ ਸੀ।
ਬੜਾ ਗੰਭੀਰ ਹੋ ਕੇ ਉਹ ਹੱਸਿਆ ਸੀ।
ਕਿੰਨਾ ਸਮਾਂ ਰਾਹ ਟਕਰਾਉਂਦੇ ਰਹੇ।
ਖਾਮੋਸ਼ ਰਿਸ਼ਤਾ ਨਿਭਾਉਂਦੇ ਰਹੇ।
ਨੈਣਾਂ ਰਾਹੀਂ ਪੁਲ ਪਿਆਰ ਦਾ,
ਦਿਲ ਦੇ ਤਾਈਂ ਬਣਾਉਂਦੇ ਰਹੇ।
ਮੇਰੇ ਨੈਣ ਵੀ ਸ਼ਾਇਦ ਉਸਦੇ ਅੰਦਰ,
ਇਸ਼ਕ ਦੀ ਚਿਣਗ ਜਗਾਉਂਦੇ ਰਹੇ।
ਅੱਖਾਂ ਹੀ ਬੋਲੀਆਂ ਸੀ,
ਚੁੱਪ ਨਾਲ ਰਿਸ਼ਤਾ ਨਿਭਾਉਂਦੇ ਰਹੇ।
ਜਿਸ ਮੋੜ ਤੇ ਆ ਕੇ ਮਿਲਦੇ ਸੀ,
ਉਸ ਮੋੜ ਨੂੰ ਸਿਰ ਝੁਕਾਉਂਦੇ ਰਹੇ।
ਅੱਜ ਕਰਨ ਦੀਦਾਰ ਉਸ ਅਜਨਬੀ ਦੇ,
ਆਸਾਂ ਦੇ ਦੀਪ ਜਗਾਉਂਦੇ ਰਹੇ।
ਨਾ ਪਿਆਰ ਸੀ, ਨਾ ਦੋਸਤੀ,
ਅਜੀਬ ਜਿਹਾ ਰਿਸ਼ਤਾ ਨਿਭਾਉਂਦੇ ਰਹੇ।
ਨਾ ਉਹ ਬੋਲਿਆ, ਨਾ ਮੈਂ ਬੋਲੀ,
ਬੱਸ ਨੈਣ ਹੀ ਬਾਤਾਂ ਪਾਉਂਦੇ ਰਹੇ।

**ਪਿੰਡ ਤੇ ਡਾ. ਨਿਜ਼ਾਮਪੁਰ**
**(ਲੁਧਿਆਣਾ)**
**ਮੋ. 98554-83413**

◆◆◆



# ਗ਼ਜ਼ਲ ਸੱਥ

**ਪ੍ਰੋ. ਗੁਰਭਜਨ ਗਿੱਲ**



ਵੇਖ ਲਵੋ ਇਹ ਮੋਮ ਤੇ ਬੱਤੀ, ਜਦ ਕਿਧਰੇ ਵੀ ਰਲ ਕੇ ਜਗਦੇ।
ਪਿਘਲੇ ਗੂੜ੍ਹ ਹਨੇਰਾ ਬਿਨਸੇ, ਚਾਨਣ ਦੇ ਦਰਿਆ ਨੇ ਵਗਦੇ।
ਸ਼ਬਦ ਗੁਆਚੇ ਅੱਖਰ ਅੱਖਰ, ਨੈਣੀਂ ਜੋਤ ਬਣਨ ਤੇ ਬੋਲਣ,
ਅਰਥਾਂ ਤੀਕ ਪੁਚਾਵੀਂ ਸਾਨੂੰ, ਰੱਖ ਸਦਾ ਜੀਵਨ ਵਿੱਚ ਦਗਦੇ।
ਜਿਨ੍ਹਾਂ ਕੋਲ ਤੁਰਨ ਦੀ ਇੱਛਿਆ, ਪਰਬਤ ਸਿਖ਼ਰ ਪੁਹੰਚਦੇ ਯਾਰੋ,
ਮੈਂ ਵੇਖੇ ਨੇ ਹਿੰਮਤੀਆਂ ਨੂੰ, ਹੌਸਲਿਆਂ ਦੇ ਪਰ ਵੀ ਲਗਦੇ।
ਬਹਿ ਜਾਵੋ ਤਾਂ ਇਹ ਤਨ ਗੋਹਾ, ਜੇ ਤੁਰ ਪਉ ਬਣ ਜਾਵੇ ਲੋਹਾ,
ਕਰਮ ਧਰਮ ਜੇ ਬਣ ਜਾਵੇ ਤਾਂ, ਮਨ ਤੰਦੂਰ ਨਿਰੰਤਰ ਮਘਦੇ।
ਬਹੁਤੀ ਵਾਰੀਂ ਗੱਲੀਂ ਬਾਤੀਂ, ਜੋ ਹੁੰਦੇ ਨੇ ਸ਼ਬਦ-ਸਿਕੰਦਰ,
ਇਮਤਿਹਾਨ ਵਿੱਚ ਪੈਣ ਸਾਰ ਹੀ, ਬਹਿ ਜਾਂਦੇ ਨੇ ਵਾਂਗੂੰ ਝਗ ਦੇ।
ਪੰਜ ਦਰਿਆ ਸੀ ਸਿਦਕ ਸਮਰਪਣ ਸੇਵਾ ਸਿਮਰਨ ਸੱਚ ਤੇ ਪਹਿਰਾ,
ਸਾਡੀ ਗਫ਼ਲਤ ਦੇ ਟਿੱਬਿਆਂ ਵਿੱਚ, ਜੀਰ ਗਏ ਕਿਉਂ ਵਗਦੇ ਵਗਦੇ।
ਤਾਰਨਹਾਰ ਵਿਚਾਰ ਦੀ ਸ਼ਕਤੀ, ਵਾਧੂ ਵਾਂਗ ਵਿਸਾਰੇਂ,
ਪੰਡਿਤ ਜੀ ਨੇ ਲਾ ਲਿਆ ਪਿੱਛੇ, ਤੈਨੂੰ ਕਿਉਂ ਮੁੰਦਰੀ ਦੇ ਨਗ ਦੇ।

**113 ਐਫ, ਸ਼ਹੀਦ ਭਗਤ ਸਿੰਘ ਨਗਰ,**
**ਪੱਖੋਵਾਲ ਰੋਡ, ਲੁਧਿਆਣਾ-141013**
**ਮੋ. 98726-31199**

◆◆◆

**ਪ੍ਰਤਾਪ "ਪਾਰਸ" ਗੁਰਦਾਸਪੁਰੀ,**



ਕੀ-ਕੀ ਰੰਗ ਵਿਖਾ ਗਈ ਯਾਰੋ ਸਮਿਆਂ ਦਾ ਰਫ਼ਤਾਰ,
ਰਿਸ਼ਤੇ-ਸਾਂਝ ਮਿਟਾ ਗਈ ਯਾਰੋ ਸਮਿਆਂ ਦੀ ਰਫ਼ਤਾਰ

ਕੁਝ ਰਿਸ਼ਤੇ ਕੁਝ ਨਾਤੇ ਐਸੇ ਨਾ ਟੁੱਟਿਆਂ ਸੀ ਟੁੱਟਦੇ,
ਨਹੁੰਓਂ ਮਾਸ ਤੁੜਾ ਗਈ ਯਾਰੋ ਸਮਿਆਂ ਦੀ ਰਫ਼ਤਾਰ।

ਥੰਮੀਂ ਦਾ ਕਿਰਦਾਰ ਸੀ ਜੀਹਨੇ ਘਰ ਦੇ ਵਿਚ ਨਿਭਾਇਆ,
ਤੁਮਤਾਂ ਝੋਲੀ ਪਾ ਗਈ ਯਾਰੋ ਸਮਿਆਂ ਦੀ ਰਫ਼ਤਾਰ।

ਬੇਬੇ, ਬਾਪੂ, ਭੈਣ, ਭਰਾ ਸਭ ਇਕ ਵਿਹੜੇ ਸੀ ਰਹਿੰਦੇ,
ਅੱਡੋ-ਅੱਡ ਕਰਾ ਗਈ ਯਾਰੋ ਸਮਿਆਂ ਦੀ ਰਫ਼ਤਾਰ।

ਕੁਝ ਯਾਦਾਂ ਜੋ ਵਿਰਸੇ ਵਿਚੋਂ ਦਰ ਪੀੜ੍ਹੀ ਦਰ ਮਿਲੀਆਂ,
ਮਿੱਟੀ ਵਿਚ ਮਿਲਾ ਗਈ ਯਾਰੋ ਸਮਿਆਂ ਦੀ ਰਫ਼ਤਾਰ।

ਕੁਝ ਯਾਦਾਂ ਜੋ ਵਿਰਸੇ ਵਿਚੋਂ ਦਰ ਪੀੜ੍ਹੀ ਦਰ ਮਿਲੀਆਂ,
ਮਿੱਟੀ ਵਿਚ ਮਿਲਾ ਗਈ ਯਾਰੋ ਸਮਿਆਂ ਦੀ ਰਫ਼ਤਾਰ।

ਇਕ ਥਾਲੀ ਵਿਚ ਭੈਣ-ਭਰਾ ਸੀ ਬਹਿ ਜੋ ਰੋਟੀ ਖਾਂਦੇ,
ਕਿੰਨਾ ਫ਼ਰਕ ਪੁਵਾ ਗਈ ਯਾਰੋ ਸੀਮਿਆਂ ਦੀ ਰਫ਼ਤਾਰ।

ਉਹ ਲੱਸੀ ਦੀ ਚਾਟੀ ਦੇ ਵਿਚ ਉਹ ਮੱਖਣ ਦੇ ਪੇੜੇ,
ਕੀਕਣ ਸਭ ਭੁਲਾ ਗਈ ਯਾਰੋ ਸਮਿਆਂ ਦੀ ਰਫ਼ਤਾਰ।

ਕੁਝ ਬੇਬੇ ਕੁਝ ਬਾਪੂ ਦੇ ਨਾਲ ਜੋ ਜੁੜੀਆਂ ਸੀ ਯਾਦਾਂ,
ਬੱਦਲ ਵਾਂਗ ਉਡਾ ਗਈ ਯਾਰੋ ਸਮਿਆਂ ਦੀ ਰਫ਼ਤਾਰ।

ਤੂੰ ਜਿੰਦਗੀ ਵਿੱਚ ਕੁਝ ਨਹੀਂ ਬਣਨਾ ਜਿਸਨੂੰ ਬਾਪੂ ਕਹਿੰਦਾ,
"ਪਾਰਸ" ਅੱਜ ਬਣਾ ਗਈ ਯਾਰੋ ਸਮਿਆਂ ਦੀ ਰਫ਼ਤਾਰ।

**ਹਰਦੋਛੰਨੀ ਰੋਡ ਪ੍ਰੇਮ ਨਗਰ**, 787/10
**ਨੇੜੇ ਮਹਿਤਾ ਪੀ.ਸੀ.ਓ., ਗੁਰਦਾਸਪੁਰ।**
**ਫ਼ੋਨ** 099888-11681

◆◆◆

**ਕੁਲਦੀਪ ਕੌਰ ਚੱਠਾ**



ਚੇਲਿਆਂ ਤੋਂ ਬਚੀਂ, ਮੁਰਸ਼ਦਾਂ ਤੋਂ ਬਚੀ।
ਇਨ੍ਹਾਂ ਭੇਖੀ, ਪਾਖੰਡੀ, ਸਿਆਣਿਆਂ ਤੋਂ ਬਚੀਂ।
ਰਸਤਾ ਦੱਸ ਕੇ ਜੋ ਲੁੱਟ ਲੈਂਦੇ ਰਸਤੇ 'ਚ ਹੀ,
ਰਾਬਰਾਂ ਵਿੱਚ ਲੁਕੇ ਰਾਹ ਜਨਾਂ ਤੋਂ ਬਚੀਂ।
ਬਿਨਾਂ ਮਤਲਬ ਜੋ ਕਰਦੇ ਨੇ ਉਸਤਤ ਸਦਾ,
ਮੋਮੋਠਗਣੇ ਅਜਿਹੇ ਦੋਸਤਾਂ ਤੋਂ ਬਚੀਂ।



ਕਰਮ ਜਿਨ੍ਹਾਂ ਦਾ ਫੁੱਲ ਫੁੱਲ ਦਾ ਰਸ ਚੂਸਣਾ,
ਜਿਹੇ ਭੁੱਖੇ-ਭੰਵਰਿਆਂ ਤੋਂ ਬਚੀਂ।
ਵੱਡੇ ਹੁੰਦੇ ਨਹੀਂ, ਵੱਡੇ ਬਣਦੇ ਨੇ ਜੋ,
ਰੁੱਖ ਖਜੂਰਾਂ ਜਿਹੇ, ਵੱਡਿਆਂ ਤੋਂ ਬਚੀਂ।
ਲਾਠੀ ਫੇਰ ਨਾ ਜੋ ਆਪਣੀ ਪੀੜ੍ਹੀ ਤਲੇ,
ਕਹਿੰਦੇ ਸਭ ਨੂੰ ਬੁਰਾ, ਬੰਦਿਆਂ ਤੋਂ ਬਚੀਂ।
ਰੋਜ਼ ਕਰਦੇ ਘੁਟਾਲੇ, ਇਹ ਚੋਰ-ਲੁਟੇਰੇ,
ਬਚੀਂ 'ਚੱਠਾ' ਇਨ੍ਹਾਂ ਲੀਡਰਾਂ ਤੋਂ ਬਚੀਂ।

**ਪਿੰਡ - ਗੋਬਿੰਦਪੁਰ**
**ਡਾ. ਪਾਇਲ, ਜ਼ਿਲ੍ਹਾ-ਲੁਧਿਆਣਾ**-141416
**ਫ਼ੋਨ** 94656-52316

◆◆◆

**ਜਨਕਪ੍ਰੀਤ ਬੇਗੋਵਾਲ**

ਚਿੜੀ ਮੋਈ ਕਿਸੇ ਪੰਛੀ ਨੇ ਵੀ ਨਾ ਹੇਰਵਾ ਕੀਤਾ।
ਦਿਲਾਂ 'ਚੋਂ ਮੋਹ ਉਡਾਇਆ ਹੈ, ਇਹ ਕੀ ਤੂੰ ਐ ਖ਼ੁਦਾ ਕੀਤਾ।
ਜਵਾਨੀ ਜਦ ਚੜ੍ਹੀ ਨਾ ਯਾਦ ਸੀ ਆਊ ਬਜ਼ੁਰਗੀ ਵੀ,
ਡਰਾਉਂਦਾ ਹੁਣ ਜਵਾਨੀ ਦਾ ਹੈ ਮੈਨੂੰ ਹਰ ਗੁਨਾਹ ਕੀਤਾ।




ਬਣਾਏ ਪੱਥਰਾਂ ਦੇ ਘਰ, ਪਵਾਏ ਵੇਲ ਬੂਟੇ ਵੀ,
ਇਹਨਾਂ ਵਿੱਚ ਕੈਦ ਹੋ ਬੰਦੇ ਨੇ ਖ਼ੁਦ ਨੂੰ ਲਾਪਤਾ ਕੀਤਾ।
ਤੁਸੀਂ ਰਿਸ਼ਵਤ ਵੀ ਖਾਂਦੇ ਹੋ ਤੇ ਆਕੜ ਵੀ ਦਿਖਾਉਂਦੇ ਹੋ,
ਕਿਵੇਂ ਦਾ ਦੇਸ਼ ਅੰਦਰ ਅਫ਼ਸਰੋ ਇਹ ਸਿਲਸਿਲਾ ਕੀਤਾ।
ਕਿਤੇ ਵੀ ਮਾਂ ਜਿਹਾ ਰਿਸ਼ਤਾ ਨਹੀਂ ਮਿਲੇ ਜ਼ਮਾਨੇ 'ਚੋਂ
ਹੰਢਾ ਕੇ ਉਮਰ ਭਰ ਪੀੜਾਂ ਨਹੀਂ ਫਿਰ ਵੀ ਗਿਲਾ ਕੀਤਾ।
ਵਰੀਂ ਨਾ-ਨਾ ਵਰੀਂ, ਖੇਤੀ ਮੇਰੀ ਸਾਰੀ ਪਈ ਹਾਲੇ,
ਟਲੀ ਬਾਰਸ਼ ਨਹੀਂ, ਭਾਵੇਂ ਬਥੇਰਾ ਵਾਸਤਾ ਕੀਤਾ।

**ਵਾਰਡ ਨੰ.** 3, **ਪਿੰਡ ਤੇ ਡਾ. ਬੇਗੋਵਾਲ**
**ਜ਼ਿਲ੍ਹਾ ਕਪੂਰਥਲਾ**-144621
**ਮੋ.** 98769-44703

◆◆◆

**ਭੁਪਿੰਦਰ ਸੰਧੂ**



ਬਦਲ ਗਿਆ ਹੈ ਮੌਸਮ ਹੁਣ,
ਸੱਜਣਾ! ਸਾਡੀ ਗੱਲ ਵੀ ਸੁਣ।
ਭਾਵੇਂ ਚਿਹਰੇ ਹੱਸਦੇ ਹਨ,
ਸਾਡੇ ਅੰਦਰ ਲੱਗਾ ਘੁਣ।
ਮੇਰਾ ਪਿਆਰ ਪਵਿੱਤਰ ਹੈ,
ਭਾਵੇਂ ਦੁੱਧੋਂ ਪਾਣੀ ਪੁਣ।
ਆਸ਼ਿਕ ਲਈ ਜ਼ਰੂਰੀ ਹੈ,
ਸੀਸ ਇਸ ਲਈ ਦੇਣਾ ਹੁਣ।
ਮੇਰੇ ਸ਼ਹਿਰ ਦੇ ਘਰ-ਘਰ ਵਿੱਚ,
ਗੂੰਜ ਪਏ ਪਿਆਰਾਂ ਦੀ ਸੁਣ।
ਖਿਲਰੇ ਹੁਣ ਨਫ਼ਰਤ ਦੇ ਬੀਅ,
ਰਲ ਕੇ ਸਾਰੇ ਲਈਏ ਚੁਣ।
ਇਸ ਧਰਤੀ 'ਤੇ ਉਲਫ਼ਤ ਦਾ,
ਸੰਧੂ! ਦੇਣੈ ਤਾਣਾ ਬੁਣ।

**26118, ਗਲੀ ਨੰਬਰ ਢਾਈ**
**ਅਮਰਪੁਰ ਬਸਤੀ, ਬਠਿੰਡਾ**, 151001, ਮੋ. 96461-08157

◆◆◆

***ਵਿਅੰਗ ਚੌਕੇ***

**ਪ੍ਰੋਫੈਸਰ ਜਸਵੰਤ ਸਿੰਘ ਕੈਲਵੀ**

**ਉਲੂਆਂ ਮਗਰ**

ਮਗਰ ਲੱਗੇਂਗਾ ਜੇ ਤੂੰ ਉਲੂਆਂ ਦੇ, ਲੈ ਵੜਨਗੇ ਵਿਚ ਉਜਾੜ ਮੀਆਂ।
ਆਜ਼ਾਦੀ ਦਿਵਸ ਮਨਾ ਰਿਹੈਂ ਤੂੰ ਬੇਸ਼ੱਕ ਗਿਰਦ ਤੇਰੇ ਹੈ ਕੰਡਿਆਂ ਦੀ ਵਾੜ ਮੀਆਂ,
ਏਸ ਵਾੜ ਨੂੰ ਪੁੱਟ ਕੇ ਕਰ ਪਾਸੇ-ਏਹਨਾਂ ਕੰਡਿਆਂ ਨੂੰ ਅੱਗ ਵਿਚ ਸਾੜ, ਮੀਆਂ,
ਗੱਲ, ਕੈਲਵੀ ਦੀ ਪੱਲੇ ਬੰਨ੍ਹ ਵੀਰਾ! ਚਿਹਰੇ ਵੇਖ ਤੂੰ, ਲਾਹ ਕੇ ਉਠਾੜ ਮੀਆਂ,

**2. ਨਵੀਂ ਗੀਤਾ**

ਜ਼ਾਲਮ ਪਾਰਟੀ ਨੇ ਬੜੇ ਜ਼ੁਲਮ ਢਾਹੇ, ਖ਼ੂਨ ਡੋਲ੍ਹਿਆ, ਲੋਕਾਂ ਦਾ ਖ਼ੂਨ ਪੀਤਾ।
ਪਾ ਕੇ ਵੰਡੀਆਂ ਧਰਮ ਤੇ ਜਾਤ ਦੀਆਂ, ਸਾਰੇ ਮੁਲਕ ਨੂੰ ਪਾੜ ਕੇ ਲੀਰ ਕੀਤਾ।
ਦੱਸਣ, ਉੱਚੇ ਹਿਮਾਲੇ ਨੂੰ ਰੇਤ ਟਿੱਬਾ ਬੇਇਨਸਾਫ਼ੀ ਦਾ ਹੱਥ ਵਿੱਚ ਲੈ ਫੀਤਾ।



ਅੰਧਕਾਰ ਵਿੱਚ ਦੇਸ਼ ਨੂੰ ਡੋਬ, ਆਖਣ- ਲਿਖ ਰਹੇ ਹਾਂ, ਕੈਲਵੀ! ਨਵੀਂ ਗੀਤਾ।

**3. ਗਾਰੰਟੀਆਂ**

ਹਰ ਪਾਰਟੀ ਦੇਂਦੀ ਗਾਰੰਟੀਆਂ ਇੰਝ-ਮੱਝ ਕਰਦੀ ਹੈ ਜਿਸ ਤਰ੍ਹਾਂ ਫੋਸ ਮੀਆਂ।
ਪੂਰੀ ਕੋਈ ਗਾਰੰਟੀ ਵੀ ਨਹੀਂ ਹੁੰਦੀ ਵਿੱਚ ਹੁੰਦਾ ਨਹੀਂ ਕੁੱਝ ਵੀ ਠੋਸ ਮੀਆਂ।
ਲਾਰੇ ਲੱਪਿਆਂ ਨਾਲ ਹੈ ਕੰਮ ਚਲਦਾ ਜਾਗੇ ਜਨਤਾ ਵਿੱਚ ਅੰਤਾਂ ਦਾ ਰੋਸ ਮੀਆਂ।
ਹੁਣ ਕੈਲਵੀ 'ਲੋਕਾਂ' ਨੂੰ ਸਮਝ ਆਈ ਲੈਂਦੇ ਧੋਕੇ ਨਾਲ ਸਾਨੂੰ ਪਲੋਸ ਮੀਆਂ।

**ਬੀ-597, ਰਣਜੀਤ ਐਵੀਨਿਊ,**
**ਅੰਮ੍ਰਿਤਸਰ**-143001, **ਮੋ.** 98783-81474

◆◆◆

# ਗੀਤਾਂ ਦੀ ਗੂੰਜ

## ਭਗਤ ਸਿੰਘ

**ਰਤਨ ਟਾਹਲਵੀ**



ਬੋਲੇ ਬੁੱਤ ਭਗਤ ਸਿੰਘ ਦਾ,
ਮੈ ਕੀਤੀ ਜਿੰਨਾ ਲਈ ਕੁਰਬਾਨੀ
ਉਹ ਅੱਜ ਵੀ ਉਹਦਾ ਹੀ,
ਲੋਕ ਮੇਰੇ ਰਹੇ ਨੇ ਭੁਗਤ ਗ਼ੁਲਾਮੀ
ਬੋਲੇ ਬੁੱਤ ਭਗਤ ਸਿੰਘ ਦਾ,
ਮੈਂ ਕੀਤੀ ਜਿੰਨਾ ਲਈ ਕੁਰਬਾਨੀ


ਕੋਈ ਖਿੜਿਆ ਚੇਹਰਾ ਨਹੀਂ,
ਤੇ ਰੰਗ ਕਾਲਾ
ਉਝ ਸੜਕਾਂ ਤੇ ਰੁਲਦਾ,
ਉਹੀ ਰੋੜੀ ਕੁੱਟਣ ਵਾਲਾ
ਦੁੱਖ ਹੁੰਦਾ ਕੀਤੇ ਤੇ,
ਉਸ ਤੋਂ ਹੁੰਦੀ ਵੱਧ ਹੈਰਾਨੀ
ਬੋਲੇ ਬੁੱਤ ਭਗਤ ਸਿੰਘ ਦਾ,
ਮੈਂ ਕੀਤੀ ਜਿੰਨਾ ਲਈ ਕੁਰਬਾਨੀ

ਕੋਈ ਸਿਸਟਮ ਬਦਲਿਆ ਨਹੀ,
ਗੋਰੇ ਗਏ ਤੇ ਕਾਲੇ ਆ ਗਏ
ਜਿਹੜੇ ਆਪਣੇ ਲੱਗਦੇ ਸੀ,
ਲੁੱਟ ਲੁੱਟ ਦੇਸ਼ ਮੇਰੇ ਨੂੰ ਖਾ ਗਏ
ਘੱਟ ਨਹੀਂ ਲੁਟੇਰਿਆਂ ਤੋ,
ਭਾਵੇਂ ਇਹ ਲੋਕ ਨਹੀ ਅਫ਼ਗਾਨੀ
ਬੋਲੇ ਬੁੱਤ ਭਗਤ ਸਿੰਘ ਦਾ,
ਮੈ ਕੀਤੀ ਜਿਨ੍ਹਾਂ ਲਈ ਕੁਰਬਾਨੀ

ਨਹੀ ਆਈ ਬਰਾਬਰਤਾ,
ਜਿਹਦੇ ਲਈ ਮੈਂ ਸੀ ਫਾਂਸੀ ਤੇ ਚੜਿਆ
ਉਹ ਸੁਖਦੇਵ ਤੇ ਰਾਜਗੁਰੂ,
ਮੇਰਿਆਂ ਵੀਰਾਂ ਸੀ ਨਾ ਕਰਿਆ
ਟਾਹਲੀ ਦੇ ਰਤਨ ਸਿੰਹਾਂ,
ਮੈ ਇਹ ਗੱਲ ਹੋ ਕੇ ਦੁਖੀ ਬਿਆਨੀ
ਬੋਲੇ ਬੁੱਤ ਭਗਤ ਸਿੰਘ ਦਾ,

◆◆◆

# ਗੀਤਾਂ ਦੀ ਗੂੰਜ



ਕਾਗਜ ਦੀਆਂ ਚਿੜੀਆਂ, ਕਿੰਝ ਭਰਨ ਉਡਾਰੀ।
ਉਨ੍ਹਾਂ ਇੰਝ ਕਹਿਣੈ, ਰੁੱਤ ਸਾਡੀ ਸਾਰੀ।

ਜੋ ਟਹਿਕ ਦੀਆਂ ਸੀ, ਅਸਾਂ ਮਾਰ ਮੁਕਾਈਆਂ।
ਜੋ ਲੁਕ ਲੁਕ ਬਚੀਆਂ, ਉਹ ਵੀ ਤਿਰਹਾਈਆਂ।
ਇਨ੍ਹਾਂ ਜਿੰਦਾਂ ਉਤੇ, ਸਾਡਾ ਲੋਭ ਹੈ ਭਾਰੀ।
ਕਾਗਜ ਦੀਆਂ ਚਿੜੀਆਂ......।

ਕਿੱਥੇ ਪਾਉਣ ਆਲ੍ਹਣੇ, ਅਸਾਂ ਰੁੱਖ ਮੁਕਾਏ।
ਕਿੱਥੇ ਉਹ ਨਾਵਣ, ਅਸਾਂ ਨੀਰ ਸੁਕਾਏ।
ਅਸਾਂ ਮਾਰਿਆ ਸਭ ਨੂੰ, ਪਰ ਭੁੱਖ ਨਾ ਮਾਰੀ।
ਕਾਗਜ ਦੀਆਂ ਚਿੜੀਆਂ....।
ਇਹ ਘਰਾਂ ਦੇ ਅੰਦਰ, ਸੀ ਘਰੇ ਬਣਾਉਂਦੀਆਂ।



ਇਹ ਚਹਿਕ ਚਹਿਕ ਕੇ, ਸੀ ਰੌਣਕ ਲਾਉਂਦੀਆਂ।
ਘਰ ਤੋੜ ਅਸਾਂ ਨੇ, ਕਰੀ ਨਵੀਂ ਤਿਆਰੀ।
ਕਾਗਜ ਦੀਆਂ ਚਿੜੀਆਂ.....।

ਚਿੜੀਆਂ ਇਹ 'ਗੁਰਮਾਂ' ਤੈਂ ਮੁੱਲ ਮੰਗਾਈਆਂ।
ਮੁੜ ਰੌਣਕ ਖਾਤਰ, ਇਹ ਕੰਧ ਸਜਾਈਆਂ।
ਦੱਸ ਵਿੱਚ ਹਵਾਵਾਂ, ਕਿੰਝ ਲਾਵਣ ਤਾਰੀ।
ਕਾਗਜ ਦੀਆਂ ਚਿੜੀਆਂ, ਕਿੰਝ ਭਰਨ ਉਡਾਰੀ।
ਉਨ੍ਹਾਂ ਕਿੰਝ ਕਹਿਣੈ, ਰੁੱਤ ਸਾਡੀ ਸਾਰੀ।

**ਜਗਜੀਤ ਸਿੰਘ 'ਗੁਰਮ'**
**ਮ. ਨੰ. 1008/29/2, ਗਲੀ ਨੰ. 8,**
**ਬਾਲ ਸਿੰਘ ਨਗਰ, ਬਸਤੀ ਜੋਧੇਵਾਲ, ਲੁਧਿਆਣਾ, ਮੋ. 99147-01668**

# ਮਿੰਨੀ ਕਹਾਣੀਆ

## ਖੰਭ

**ਕਰਮਵੀਰ ਸਿੰਘ ਸੂਰੀ**

ਨਛੱਤਰ ਦਾ ਪਿਤਾ ਵੱਡਾ ਪੁਲਿਸ ਅਫ਼ਸਰ ਸੀ। ਉਸ ਨੇ ਪਿਉ ਦੇ ਸਿਰ 'ਤੇ, ਬਚਪਨ ਤੋਂ ਲੈ ਕੇ ਜਵਾਨੀ ਤੱਕ ਖ਼ੂਬ ਐਸ਼ ਕੀਤੀ, ਮੌਜਾਂ ਮਾਣੀਆਂ। ਕਿਸੇ ਚੀਜ਼ ਦੀ ਫਰਮਾਇਸ਼ ਬਾਅਦ 'ਚ ਕਰਦਾ, ਪੂਰੀ ਪਹਿਲਾਂ ਹੋ ਜਾਂਦੀ। ਬਟੂਆ ਪੈਸਿਆਂ ਨਾਲ ਆਫਰਿਆ ਰਹਿੰਦਾ। ਹੇਠਾਂ ਉਸ ਦੇ ਬੁਲੈਟ ਹੁੰਦਾ ਜਾਂ ਨੰਗੀ-ਜੀਪ ਹੁੰਦੀ। ਉਸ ਨੇ ਮਨ ਹੀ ਮਨ ਧਾਰ ਰੱਖਿਆ ਸੀ ਕਿ ਮਰਨ ਤੋਂ ਪਹਿਲਾਂ ਦੁਨੀਆਂ ਦਾ ਕੋਈ ਨਸ਼ਾ ਉਹ ਨਹੀਂ ਛੱਡੇਗਾ, ਸਭਨਾਂ ਦਾ ਸੇਵਨ ਕਰੇਗਾ ਤੇ ਲੁਤਫ਼ ਉਠਾਏਗਾ। ਉਸ ਨੇ ਆਪਣੀ ਦੇਹ ਨੂੰ ਨਸ਼ਿਆਂ 'ਚ ਗਲਤਾਨ ਕਰ ਲਿਆ ਸੀ। ਪਿਤਾ ਦਾ ਹੱਥ ਉਸ ਲਾਡਲੇ ਸਾਹਿਬਜ਼ਾਦੇ ਦੇ ਸਿਰ 'ਤੇ ਸੀ। ਉਸਦੀ ਚਾਹਤ ਸੀ ਕਿ ਮੰਨਤਾਂ-ਮੁਰਾਦਾਂ ਨਾਲ ਮੰਗਿਆ ਉਸਦਾ ਲਾਡਲਾ ਹਮੇਸ਼ਾ ਸੁਖੀਂ-ਸਾਂਦੀ ਵਸੇ ਤੇ ਉਸਨੂੰ ਕਿਸੇ ਚੀਜ਼ ਦੀ ਕਮੀ ਨਾ ਆਵੇ। ਨਛੱਤਰ ਨੂੰ ਜਦੋਂ ਕੋਈ ਦੋਸਤ-ਬੇਲੀ ਪੁੱਛਦਾ, "ਜ਼ਿੰਦਗੀ ਕਿਵੇਂ ਚਲਦੀ ਐ ਬਾਈ?" ਤਾਂ ਉਸਦਾ ਇੱਕੋ ਹੀ ਜਵਾਬ ਹੁੰਦਾ, "ਬੁੜ੍ਹੇ ਦੇ ਖੰਭਾਂ 'ਤੇ ਉਡੀ ਫਿਰਦੇ ਆ- ਆਪਣੀ ਤਾਂ ਕਾਟੋ ਫੁੱਲਾਂ 'ਤੇ ਰਹਿੰਦੀ ਐ ਹਮੇਸ਼ਾ! ਬੁੜ੍ਹੇ ਦਾ ਨਾਂ ਲਈਦੈ, ਸਾਰੇ ਕੰਮ ਹੋ ਜਾਂਦੇ ਐ।" ਜਦੋਂ ਉਸਨੇ ਸਾਰੇ ਸ਼ਹਿਰ ਵਿੱਚ ਪਿਉ ਦੀ ਲੋੜੋਂ ਵੱਧ ਨਿਮੋਸ਼ੀ ਤੇ ਬਦਨਾਮੀ ਕਰਵਾ ਦਿੱਤੀ ਅਤੇ ਲੋੜੋਂ ਵੱਧ ਅੱਤ ਚੁੱਕ ਲਈ, ਤਾਂ ਪਿਉ ਨੇ ਇਹ ਗੱਲ ਦਿਲ 'ਤੇ ਲਾ ਲਈ। ਉਸ ਨੂੰ ਉਪਰੋਂ ਵੀ ਤੇ ਹੇਠੋਂ ਵੀ ਸੁਣਨੀਆਂ ਪੈਂਦੀਆਂ ਸਨ ਤੇ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਸੀ। ਇੱਕ ਰਾਤ, ਉਹ ਸੁੱਤੇ ਦਾ ਸੁੱਤਾ ਹੀ ਰਹਿ

ਗਿਆ।

ਹੁਣ ਨਛੱਤਰ ਦਾ ਆਪਣਾ ਮੁੰਡਾ ਵੀ ਜਵਾਨ ਹੋ ਗਿਆ ਸੀ। ਉਸ ਉਤੇ ਪਿਉ ਦੀਆਂ ਮਾੜੀਆਂ ਆਦਤਾਂ ਤੇ ਕਰਤੂਤਾਂ ਦਾ ਇੰਨਾ ਪ੍ਰਤੀਕਰਮ ਹੋਇਆ ਕਿ ਉਸਨੇ ਕਸਮ ਖਾ ਲਈ ਕਿ ਉਹ ਉਸ ਵਰਗਾ ਨਸ਼ੇੜੀ ਤੇ ਐਬੀ-ਕਬਾਬੀ ਕਦੇ ਨਹੀਂ ਬਣੇਗਾ। ਪੜ੍ਹਾਈ ਵੱਲ ਉਸ ਦੀ ਲਗਨ ਲੱਗ ਗਈ। ਉਸਨੇ ਨਿਸ਼ਚਾ ਕਰ ਲਿਆ ਕਿ ਜ਼ਿੰਦਗੀ 'ਚ ਉਹ ਜ਼ਰੂਰ ਕੁਝ ਬਣ ਕੇ ਦਿਖਾਏਗਾ। ਉਸਨੇ ਯੂਨੀਵਰਸਿਟੀ ਤੋਂ ਰਾਜਨੀਤੀ ਵਿਗਿਆਨ ਵਿੱਚ ਐਮ.ਏ. ਅੱਵਲ ਦਰਜੇ 'ਚ ਕਰ ਲਈ। ਯੂਨੀਵਰਟਿਟੀ ਵਿੱਚ ਉਹ ਵਿਦਿਆਰਥੀ ਯੂਨੀਵਰਸਿਟੀ-ਯੂਨੀਅਨ ਦਾ ਵੀ ਪ੍ਰਧਾਨ ਰਿਹਾ ਸੀ। ਉਸਦੇ ਮਿਠੜੇ ਸੁਭਾਅ ਤੇ ਚੰਗੇ ਨੇਕ ਗੁਣਾਂ ਕਰਕੇ ਵਿਦਿਆਰਥੀ ਉਸ ਨੂੰ ਬੜਾ ਪਿਆਰ ਤੇ ਮੋਹ ਕਰਦੇ ਸਨ। ਉਹ ਆਪਣੇ ਇਲਾਕੇ ਵਿੱਚ ਵੀ ਹਰੇਕ ਦੇ ਦੁਖ-ਸੁਖ 'ਚ ਕੰਮ ਆਉਣ ਕਰਕੇ ਬਹੁਤ ਹਰਮਨ-ਪਿਆਰਾ ਹੋ ਗਿਆ ਸੀ, ਜਿਸਦੇ ਨਤੀਜੇ ਵਜੋਂ ਉਹ ਐਮ.ਸੀ. ਦੀ ਚੋਣ ਜਿੱਤ ਗਿਆ। ਕਰਦੇ-ਕਰਾਂਦੇ ਉਸਨੂੰ ਹਾਕਮ ਪਾਰਟੀ ਨੇ ਐਮ.ਐਲ.ਏ. ਦੀ ਟਿਕਟ ਦੇ ਦਿੱਤੀ ਤੇ ਉਹ ਇਹ ਚੋਣ ਜਿੱਤ ਗਿਆ। ਹੁਣ ਝੰਡੀ ਵਾਲੀ ਕਾਰ ਉਸਦੇ ਹੇਠਾਂ ਸੀ।

ਨਛੱਤਰ ਦੀਆਂ ਫੇਰ ਪੰਜੇ ਉਂਗਲਾਂ ਘਿਉਂ 'ਚ ਸਨ। ਉਹਨੂੰ ਜਦੋਂ ਵੀ ਕੋਈ ਰਿਸ਼ਤੇਦਾਰ-ਮਿੱਤਰ ਪੁੱਛਦਾ-"ਜ਼ਿੰਦਗੀ ਕਿਵੇਂ ਚੱਲ ਰਹੀ ਐ ਬਾਈ?" ਤਾਂ ਉਸਦਾ ਉਹੀ ਉੱਤਰ ਹੁੰਦਾ, "ਆਪਣੇ ਪੱਠੇ ਦੇ ਸਿਰ ਤੇ ਉਡੀ ਫਿਰਦੇ ਆਂ, ਪਿਆਰੇ! ਆਪਣੀ ਕਾਟੋ ਫੁੱਲਾਂ 'ਤੇ ਰਹਿੰਦੀ ਐ ਹਮੇਸ਼ਾ! ਪੱਠੇ ਦਾ ਨਾਂ ਲਈਦੈ, ਸਾਰੇ ਕੰਮ ਬੈਠੇ-ਬਿਠਾਏ ਹੋ ਜਾਂਦੇ ਆ।"

"ਕਦੇ ਆਪਣੇ ਖੰਭਾਂ ਨਾਲ ਵੀ ਉਡ ਲਿਆ ਕਰ। ਕਦੇ ਪਿਉ ਦੇ ਖੰਭਾਂ 'ਤੇ, ਕਦੇ ਪੁੱਤਰ ਦੇ ਖੰਭਾਂ 'ਤੇ।" ਅਗਲੇ ਦਾ ਕਾਟਵਾਂ ਜਵਾਬ ਹੁੰਦਾ।

"ਜਦੋਂ ਦੂਜੇ ਦੇ ਖੰਭਾਂ ਨਾਲ ਸਰੀ ਜਾਂਦੈ, ਤਾਂ ਆਪਣੇ ਖੰਭਾਂ ਨੂੰ ਜ਼ਰੂਰ ਤਕਲੀਫ਼ ਦੇਣੀ ਐ?" ਉਹ ਦਿਨੇ ਹੀ ਟੱਲੀ ਹੋਇਆ ਅੱਗੋਂ ਉੱਤਰ ਦਿੰਦਾ।

"ਤੂੰ ਪਿਛਲੇ ਜਨਮ 'ਚ ਜ਼ਰੂਰ ਮੋਤੀ ਦਾਨ ਕੀਤੇ ਹੋਣਗੇ ਜਾਂ ਫੇਰ ਲੂਲਾ-ਲੰਗੜਾ ਤੇ ਪਿੰਗਲਾ ਈ ਹੋਵੇਂਗਾ।" ਅਗਲਾ ਦੱਬਵੇਂ ਸੁਰ ਵਿੱਚ ਕਹਿਕੇ ਉਥੋਂ ਖਿਸਕ ਜਾਂਦਾ।

**-ਸੰਪਰਕ 98558-00103**

◆◆◆

## ਜੂਠੇ ਭਾਂਡੇ

**ਡਾ. ਕਰਮਜੀਤ ਸਿੰਘ ਨਡਾਲਾ**

ਸੰਤਾਂ, ਸਮਾਧਾਂ ਤੇ ਗੁਰਦੁਆਰਿਆਂ ਦੇ ਮੱਥੇ ਰਗੜ-2 ਕੇ ਉਹਨਾਂ ਮੱਥੇ ਘਸਾ ਲਏ ਸਨ। ਇੰਜ ਅਖੀਰਲੀ ਉਮਰੇ ਉਹਨਾਂ ਪੁੱਤਰ ਲਿਆ ਸੀ। ਪੁੱਤਰ ਗਭਰੂ ਵੀ ਨਿਕਲ ਆਇਆ।

ਹੁਣ ਰੀਝ ਸੀ ਕਿ ਸਿਹਰਾ ਲਾਏ ਤੇ ਇੱਕ ਸੋਹਣੀ ਛਣ-ਛਣ ਕਰਦੀ ਨੂੰਹ ਆਵੇ। ਜਿਹੜੀ ਸੇਵਾ ਕਰੇ ਤੇ ਚਾਰ ਦਿਨ ਮੰਨੀਆਂ ਪਕਾ ਕੇ ਖੁਆਏ।



ਇਹ ਚਾਅ ਵੀ ਪੂਰਾ ਹੋਇਆ। ਨੂੰਹ ਸੁੱਚਮੁੱਚ ਪੂਰਨਮਾਸ਼ੀ ਦੇ ਚੰਦਰਮੇ ਵਰਗੀ ਸੀ। ਹੱਥ ਲਾਇਆਂ ਮੈਲੀ ਹੋਣ ਵਾਲੀ। ਗੁਰੂ ਘਰ ਦੀ ਭਗਤਨੀ ਤੇ ਨਿੱਤਨੇਮ ਨਾਲ ਗੁਰਦੁਆਰੇ ਜਾਣ ਵਾਲੀ।

ਕੁੱਝ ਮਹੀਨੇ ਚੰਗੇ ਸੁਖਾਂ ਦੇ ਲੰਘੇ। ਸਿਹਤ ਪੱਖੋਂ ਦੋਵੇਂ ਬਜ਼ੁਰਗ ਹੁਣ ਢਿੱਲੇ-ਮੱਠੇ ਜਿਹੇ ਰਹਿੰਦੇ। ਦਵਾ-ਦਾਰੂ ਕਰਵਾਉਂਦੇ ਹੀ ਰਹਿੰਦੇ। ਨਾਲੇ ਇਹ ਉਮਰੇ ਗੱਡੀ ਦਵਾਈਆਂ-ਦਾਰੂਆਂ ਨਾਲ ਹੀ ਤਾਂ ਰਿੜਦੀ ਏ।

ਇੱਕ ਦਿਨ ਦੋਹਾਂ ਸੋਚਿਆ। ਸਾਡਾ ਕੀ ਪਤਾ ਏ ਕਦੋਂ ਸਾਹ ਨਿਕਲ ਜਾਣ। ਸਿਰੋਂ ਭਾਰ ਲਾਹੀਏ ਤੇ ਉਹਨਾਂ ਸਾਰੀ ਜ਼ਮੀਨ-ਜਾਇਦਾਦ ਪੁੱਤ ਦੇ ਨਾਂ ਕਰ ਦਿੱਤੀ। ਪੈਸਾ-ਧੇਲਾ ਨੂੰਹ ਦੇ ਹੱਥਾਂ 'ਚ ਹੋ ਗਿਆ। ਨਾਲ ਹੀ ਨੂੰਹ ਦੇ ਤੇਵਰ ਵੀ ਵਿਗੜ ਗਏ।

ਸੱਸ-ਸਹੁਰੇ ਤੋਂ ਉਹਨੂੰ ਹੁਣ ਬੋਅ ਆਉਣ ਲੱਗੀ। ਜਿਵੇਂ ਉਹ ਕੂੜੇ ਦੇ ਢੇਰ ਹੋਣ। ਟੋਕਣਾ, ਗਾਲ੍ਹਾਂ ਕੱਢਣਾ ਤੇ ਬੇਪੱਤ ਕਰਨਾਂ ਜਿਵੇਂ ਉਹਦਾ ਸੁਭਾਅ ਹੀ ਬਣ ਗਿਆ।

"ਪੁੱਤ ਆ.... ਭਾਂਡੇ ਲੈ ਜਾ....।" ਸੱਸ ਨੇ ਰੋਟੀ ਖਾਣ ਤੋਂ ਬਾਅਦ ਨੂੰਹ ਨੂੰ ਬੜੇ ਲਾਡ ਨਾਲ ਕਿਹਾ।

"ਤੁਹਾਡੇ ਹੱਥ ਟੁੱਟੇ ਹੋਏ ਨੇ... ਖਾ ਸਕਦੇ ਓ ਤਾਂ ਚੁੱਕ ਨਹੀਂ ਹੁੰਦੇ......ਇੱਕ ਤਾਂ ਇਸ ਮਾਈ-ਬੁੱਢੇ ਦੀ ਸੇਵਾ ਕਰੋ.... ਨਾਲੇ ਇਹਨਾਂ ਦੀ ਜੂਠ ਮਾਂਜੋ....।" ਹਵਾ 'ਚ ਹੱਥ ਮਾਰ-2 ਕੇ ਸੱਸ-ਸਹੁਰੇ ਨੂੰ ਇੰਝ ਘੂਰ ਰਹੀ ਸੀ। ਜਿਵੇਂ ਉਹ ਲੜਨ ਦਾ ਕੋਈ ਬਹਨਾ ਹੀ ਲੱਭਦੀ ਹੋਵੇ।

ਉਹ ਵਿਚਾਰੇ ਨਿਆਸਰੇ ਜਿਹੇ ਇੱਕ-ਦੂਜੇ ਦੇ ਮੂੰਹ ਵੱਲ ਦੇਖਦੇ।

" ਕੀ ਦੇਖੀ ਜਾਂਦੇ ਓ ਬਿਟਰ-2.... ਅੱਗੇ ਨੀ ਕਦੀ ਦੇਖਿਆ... ਚਲੋ ਅੱਜ ਤੋਂ ਆਪਣੇ ਭਾਂਡੇ ਆਪ ਚੁੱਕਿਆ ਕਰੋ। ਨਾਲੇ ਮਾਂਜਿਆ ਕਰੋ.... ਮੈਥੋਂ ਨਹੀਂ ਤੁਹਾਡੇ ਜੂਠੇ ਭਾਂਡੇ ਮਾਂਜ ਹੁੰਦੇ.....।"

ਉਹਨਾਂ ਦੇ ਮੂੰਹ ਸੀਤੇ ਪਏ ਸਨ। ਜ਼ੁਬਾਨ ਜਿਵੇਂ ਗਲ੍ਹਿਆਂ 'ਚ ਹੀ ਨਾ ਹੋਵੇ। ਪਰ ਅੱਖਾਂ 'ਚੋਂ ਅੱਥਰੂ ਜ਼ਰੂਰ ਤ੍ਰਿਪ-2 ਕਰਕੇ ਡਿੱਗ ਰਹੇ ਸਨ। ਨਾਲੇ ਭਾਂਡੇ ਮਾਂਜ ਰਹੇ ਸਨ।

ਪੁੱਤ ਨੂੰ ਵੀ ਉਹਨੇ ਆਪਣੇ ਰੂਪ ਦੇ ਨਾਲ 'ਚ ਐਸਾ ਬੰਨ ਲਿਆ ਕਿ ਪਿਓ-ਮਾਂ ਵੱਲ ਕਦੇ ਵੇਖਦਾ ਹੀ ਨਾ। ਘਰਵਾਲੀ ਨਾਲ ਮੌਜ-ਮਸਤੀ ਤੇ ਸੈਰਾਂ ਕਰਦਾ ਰਹਿੰਦਾ। ਕਦੇ ਤੀਰਥ ਸਥਾਨਾਂ ਦੇ ਦਰਸਨ ਕਰਵਾਉਣ ਲੈ ਤੁਰਦਾ। ਨੂੰਹ ਧਾਰਮਿਕ ਥਾਵਾਂ ਤੇ ਜਾਣ ਦੀ ਬੜੀ ਸ਼ੌਕੀਨ ਜੁ ਸੀ।

"ਆ ਲਓ ਤੋਸੇ ਡੱਫ ਲਓ.... ਮੈਂ ਚੱਲੀ ਆਂ ਗੁਰਦੁਆਰੇ ਮੱਸਿਆ ਦੇਖਣ...।"

ਗੁਰਦੁਆਰੇ ਲੰਗਰ ਪਕਾਉਣ ਵਾਲੀ ਜਗ੍ਹਾ 'ਤੇ ਜਨਾਨੀਆਂ ਨਾਲ, ਉਹ ਬੈਠੀ ਬੜੀ ਸ਼ਰਧਾ ਨਾਲ ਰੋਟੀਆਂ ਪਕਾ ਰਹੀ ਸੀ। ਬਾਕੀ ਜਨਾਨੀਆਂ ਉਸਦੇ ਛੋਹਲੇਪਣ ਤੇ ਸੇਵਾ ਭਾਵਨਾ ਦੀ ਸਿਫ਼ਤ ਕਰ ਰਹੀਆਂ ਸਨ।

ਲੋਕ ਲੰਗਰ ਖਾ-ਖਾ ਕੇ ਤੁਰੇ ਜਾ ਰਹੇ ਸਨ। ਹੁਣ ਕੰਮ ਮੁੱਕਣ 'ਤੇ ਹੀ ਸੀ।

ਲੰਗਰ ਦੇ ਜੂਠੇ ਭਾਂਡਿਆਂ ਦਾ ਢੇਰ ਲੱਗਾ ਦੇਖਕੇ ਨਾਲ ਦੀਆਂ ਨੂੰ ਬੋਲੀ, " .....ਨੀਂ

ਭੈਣੋਂ ਦੇਖੋ.... ਭਾਂਡਿਆਂ ਦਾ ਢੇਰ ਲੱਗਾ ਹੋਇਐ..... ਆਓ ਸਾਰੀਆਂ ਰਲਕੇ ਮਾਂਜ ਛੱਡੀਏ.... ਇਹੋ ਜਿਹੀ ਸੇਵਾ ਵਾਰ-2 ਲੱਭਦੀ ਏ.... ਇਹ ਤਾਂ ਚੰਗੇ ਕਰਮਾਂ ਵਾਲਿਆਂ ਨੂੰ ਨਸੀਬ ਹੁੰਦੀ ਏ...... ਨੀਂ ਆਓ....।" 'ਤੇ ਉਹ ਸਭ ਤੋਂ ਪਹਿਲਾਂ ਬਾਹਾਂ ਤੇ ਸਲਵਾਰ ਉਤਾਂਹ ਨੂੰ ਟੁੰਗਦੀ ਹੋਈ ਭਾਂਡੇ ਮਾਂਜਣ ਲੱਗ ਪਈ।

**ਵਾਲੀਆ ਹਸਪਤਾਲ, ਨਡਾਲਾ (ਕਪੂਰਥਲਾ)**

◆◆◆

## ਮੋਟਾ ਮਾਲ

"ਮੋਟਰ-ਸਾਈਕਲ ਰੋਕ ਉਇ ਮੀਤਿਆ," ਮੋਟਰ ਸਾਈਕਲ ਦੇ ਮਗਰ ਬੈਠੇ ਥਾਣੇਦਾਰ ਕੁੰਦਾ ਸਿੰਘ ਨੇ ਮੋਟਰ ਸਾਈਕਲ ਚਲਾ ਰਹੇ ਹੌਲਦਾਰ ਨੂੰ ਹੁਕਮ ਭਰੇ ਲਹਿਜ਼ੇ ਵਿੱਚ ਆਖਿਆ। ਇਸੇ ਵੇਲੇ ਦੋਹਾਂ ਪੁਲਸੀਆਂ ਦੀ ਸ਼ਰਾਬ ਪੀਤੀ ਹੋਈ ਸੀ।

ਹੌਲਦਾਰ ਨੇ ਇਕ ਦਮ ਬਰੇਕ ਮਾਰਕੇ ਮੋਟਰ-ਸਾਈਕਲ ਰੋਕ ਲਿਆ ਤੇ ਫਿਰ ਉਹ ਮਗਰ ਨੂੰ ਵੇਖਦਾ ਹੋਇਆ ਝੱਟ ਬੋਲਿਆ- "ਕੀ ਗੱਲ ਜਨਾਬ, ਇਥੇ ਮੋਟਰ-ਸਾਈਕਲ ਰੋਕਣ ਲਈ ਕਿਉਂ ਆਖਿਆ ਏ ਤੁਸੀਂ?"

"ਅਹੁ ਸਾਹਮਣੇ ਵੇਖ" ਥਾਣੇਦਾਰ ਮੋਟਰ ਸਾਈਕਲ ਤੋਂ ਉਤਰਦਾ ਹੋਇਆ ਤੁਰੰਤ ਬੋਲਿਆ "ਸੜਕ ਦੇ ਦੂਜੇ ਪਾਸੇ ਇਕ ਬੁੜ੍ਹਾ ਹੌਲੀ-ਹੌਲੀ ਉਰੇ ਨੂੰ ਤੁਰਿਆ ਆ ਰਿਹੈ। ਉਸਨੇ ਆਪਣੇ ਝੋਲੇ ਨੂੰ ਦੋਹਾਂ ਹੱਥਾਂ ਨਾਲ ਫੜਕੇ ਆਪਣੇ ਹਿੱਕ ਨਾਲ ਇਸ ਤਰ੍ਹਾਂ ਲਾਇਆ ਹੋਇਐ, ਜਿਵੇਂ ਇਸ ਵਿੱਚ ਕੋਈ ਖ਼ਾਸ ਚੀਜ਼ ਹੋਵੇ। ਮੈਨੂੰ ਹੁਣ ਤਾਂ ਉਸਦੇ ਝੋਲੇ ਵਿੱਚ ਮੋਟਾ-ਮਾਲ ਹੀ ਲੱਗਦੈ।"

"ਹਾਂ ਜਨਾਬ," ਹੌਲਦਾਰ ਮੋਟਰ ਸਾਈਕਲ ਨੂੰ ਇੱਕ ਪਾਸੇ ਜਿਹੇ ਕਰਕੇ ਸਟੈਂਡ 'ਤੇ ਲਾਉਂਦਾ ਹੋਇਆ ਬੋਲਿਆ- "ਅੱਜ ਕੱਲ੍ਹ ਦੇ ਸਮਗਲਰ ਆਪਣੇ ਮਾਲ ਨੂੰ ਇਹੋ ਜਿਹੇ ਬੁੜ੍ਹਿਆਂ ਤੋਂ ਹੀ ਇਧਰ-ਉਧਰ ਕਰਵਾਉਂਦੇ ਨੇ।

ਜਦੋਂ ਉਹ ਬਜ਼ੁਰਗ ਉਨ੍ਹਾਂ ਦੇ ਬਰਾਬਰ ਆਇਆ ਤਾਂ ਦੋਹਾਂ ਪੁਲਸੀਆਂ ਨੇ ਭੱਜਕੇ ਜਾਕੇ ਉਸ ਨੂੰ ਘੇਰ ਲਿਆ। ਪੁਲਸ ਵਾਲਿਆਂ ਨੂੰ ਆਪਣੇ ਸਾਹਮਣੇ ਖੜ੍ਹੇ ਵੇਖਕੇ ਉਹ ਬਜ਼ੁਰਗ ਡਰ ਨਾਲ ਇਕ ਦਮ ਸਹਿਮ ਕੇ ਉਥੇ ਹੀ ਖਲੋ ਗਿਆ

ਹੌਲਦਾਰ ਨੇ ਬਜ਼ੁਰਗ ਦੇ ਮੂੰਹ ਤੇ ਲਗਾਤਾਰ ਤਿੰਨ ਚਾਰ ਚਪੇੜਾਂ ਠੋਕ ਦਿੱਤੀਆਂ ਤੇ ਫਿਰ ਉਸਨੇ ਇਕ ਦਮ ਉਸਤੋਂ ਝੋਲਾ ਖੋਹ ਕੇ ਝੱਟ ਥਾਣੇਦਾਰ ਦੇ ਹਵਾਲੇ ਕਰ ਦਿੱਤਾ। ਥਾਣੇਦਾਰ ਨੇ ਜਦ ਬਹੁਤ ਹੀ ਕਾਹਲੀ ਨਾਲ ਝੋਲੇ 'ਚ ਪਾਏ ਹੋਏ ਲਿਫ਼ਾਫੇ ਨੂੰ ਬਾਹਰ ਕੱਢਿਆ ਤਾਂ ਲਿਫਾਫਾ ਇਕ ਦਮ ਉਸਤੋਂ ਛੁਟਕੇ ਹੇਠਾਂ ਜਾ ਡਿੱਗਿਆ ਤੇ ਉਸ ਲਿਫ਼ਾਫੇ 'ਚੋਂ ਬਾਹਰ ਨਿਕਲਕੇ ਪਿਆਜ ਦੂਰ ਦੂਰ ਤੱਕ ਖਿੱਲਰ ਗਿਆ।

ਹੁਣ ਦੋਹਾਂ ਪੁਲਸੀਆਂ ਦੀ ਪੀਤੀ ਹੋਈ ਇਕ ਦਮ ਲਹਿ ਗਈ ਸੀ।

**ਲੇਖਕ- ਭੀਮ ਸਿੰਘ ਗਰਚਾ**

**ਪਿੰਡ-ਰਾਏਪੁਰ ਰਾਜਪੂਤਾਂ, ਡਾ. ਬੀਜਾ (ਲੁਧਿਆਣਾ), ਮੋ. 98143-51394**



## ਉਧਾਰ ਦੀ ਵਾਪਸੀ

**ਰਘਬੀਰ ਸਿੰਘ ਮਹਿਮੀ**

ਭਰਾਵਾਂ ਵਰਗਾ ਮੇਰਾ ਦੋਸਤ ਕਸ਼ਮੀਰੀ ਲਾਲ ਆਪਣੀ ਬੇਟੀ ਦੀ ਸ਼ਾਦੀ ਦੇ ਮੌਕੇ 'ਤੇ ਪੰਜਾਹ ਹਜ਼ਾਰ ਰੁਪਿਆ ਉਧਾਰ ਵਜੋਂ ਲੈ ਗਿਆ ਸੀ। ਪੰਜਾਹਾਂ 'ਚੋਂ ਤੀਹ ਹਜ਼ਾਰ ਮੈਂ ਜੀ.ਪੀ. ਫੰਡ 'ਚੋਂ ਕਢਵਾਏ ਸਨ ਤੇ ਵੀਹ ਹਜ਼ਾਰ ਏਧਰੋਂ-ਉਧਰੋਂ ਇਕੱਠੇ ਕਰਕੇ ਦੋਸਤ ਦਾ ਕੰਮ ਸਾਰਿਆ ਸੀ। ਮੇਰੇ ਦੋਸਤ ਨੇ ਉਧਾਰ ਰਕਮ ਦੋ ਮਹੀਨੇ ਦੇ ਅੰਦਰ-ਅੰਦਰ ਮੋੜਨ ਦਾ ਵਾਅਦਾ ਕੀਤਾ ਸੀ ਪਰ ਪੰਜ ਸਾਲ ਲੰਘਣ ਦੇ ਬਾਵਜੂਦ ਵੀ ਉਹੀ ਲਾਰੇ ਲੱਪੇ।

ਛੋਟੀ ਬੇਟੀ ਦੇ ਵਿਆਹ ਦੀ ਤਰੀਕ ਰੱਖਣ ਤੋਂ ਬਾਅਦ ਅਣਮੰਨੇ ਜਿਹੇ ਮਨ ਨਾਲ ਮੈਂ ਕੁਸ਼ਮੀਰੀ ਲਾਲ ਦਾ ਦਰ ਖੜਕਾਇਆ।

"ਕਾਹਨੂੰ ਯਾਰ, ਵਾਰ-ਵਾਰ ਗੇੜੇ ਮਾਰਦੈਂ, ਮੈਂ ਕੋਈ ਮੁਕਰਦਾਂ? ਜਦੋਂ ਹੋਏ ਮੈਂ ਆਪੇ ਦੇ ਆਵਾਂਗਾ।"

"ਰਮਨ ਦਾ ਵਿਆਹ ਕਦੋਂ ਹੋਇਆ ਸੀ? ਉਦੋਂ ਲਏ ਸੀ ਤੂੰ ਪੈਸੇ। ਜੇ ਕਿਤੇ ਇਹ ਪੈਸੇ ਹੋਰ ਕਿਸੇ ਪਾਸੇ ਲਗਾਉਂਦਾ ਤਾਂ ਵਿਆਜ ਪਾ ਕੇ ਦੋ ਲੱਖ ਬਣਨਾ ਸੀ ਪਰ ਤੂੰ ਤਾਂ ਮੂਲ ਹੀ ਵਾਪਿਸ ਨਹੀਂ ਕਰ ਰਿਹਾ, ਦੋਸਤੀ ਨੂੰ ਕਲੰਕ ਲਾ ਰਿਹੈਂ।"

"ਜ਼ਿਆਦਾ ਔਖਾ ਨਾ ਹੋ, ਦੇ ਦੇਵਾਂਗਾ।" ਉਸ ਦਾ ਮੁੜ ਇੱਕੋ ਜਵਾਬ।

"ਪਰ ਕਦੋਂ? ਮੇਰੇ ਦਿਲ 'ਚ ਡੂੰਘੀ ਚੀਸ ਉਠੀ।"

"ਰਿਟਾਇਰਮੈਂਟ 'ਤੇ।"

"ਬੱਸ ਸੱਤ-ਅੱਠ ਸਾਲਾਂ ਬਾਅਦ।"

ਜੀਅ ਕਰਦਾ ਸੀ ਕਿ ਡਾਂਗ ਚੁੱਕ ਕੇ ਸਿਰ 'ਚ ਤਾੜ ਮਾਰਾਂ ਪਰ ਕੌੜਾ ਘੁੱਟ ਭਰ ਕੇ "ਸਮਝ ਮੈਂ ਤੇਰੇ ਲਈ ਮਰ ਗਿਆ।" ਆਖ ਕੇ ਪਿਛਲੇ ਪੈਰੀਂ ਮੁੜ ਗਿਆ।

**220 ਸਰੀਨ ਪਾਰਟ ਕਲੋਨੀ**

**ਸਰਹਿੰਦ ਰੋਡ, ਪਟਿਆਲਾ-147004**

**ਮੋ. 96460-24321**

◆◆◆

## ਪੁੰਨ-ਦਾਨ

**ਮਲਕੀਤ ਦਰਦੀ**

ਡੈਮ ਦੀ ਕਾਲੋਨੀ 'ਚ ਹਰ ਸਾਲ ਇਕੱਤੀ ਮਾਰਚ ਨੂੰ ਹਿੰਦੂ ਸਭਾ ਵੱਲੋਂ ਜਗਰਾਤਾ ਕਰਵਾਇਆ ਜਾਂਦਾ ਹੈ। ਡੈਮ ਦੇ ਅਫ਼ਸਰਾਂ, ਕਰਮਚਾਰੀਆਂ ਅਤੇ ਹੋਰ ਜਥੇਬੰਦੀਆਂ ਵੱਲੋਂ ਵਾਹਵਾ ਰੁਪਈਆ ਇਕੱਠਾ ਹੋ ਜਾਂਦਾ ਹੈ। ਜਗਰਾਤੇ ਦੀ ਸਟੇਜ ਉਪਰ ਵੱਖ-ਵੱਖ ਦੇਵੀ ਦੇਵਤਿਆਂ ਦੇ ਬੁੱਤਾਂ ਉਪਰ ਸ਼ਿਵ ਜੀ ਦਾ ਬੁਤ ਲਾਇਆ ਜਾਂਦਾ ਹੈ। ਰਾਤ ਨੂੰ ਲੰਗਰ ਦੀ ਸੇਵਾ ਹੁੰਦੀ ਹੈ।

ਮੈਂ ਵੀ ਸ਼ਾਮ ਨੂੰ ਤੁਰਦਾ ਫਿਰਦਾ ਜਗਰਾਤੇ ਵਾਲੀ ਜਗ੍ਹਾ ਪਹੁੰਚ ਗਿਆ। ਅੱਗੇ ਜਾ ਕੇ

ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਇਕ ਕਰਮਚਾਰੀ ਖੰਭੇ ਦੀਆਂ ਤਾਰਾਂ ਨੂੰ ਕੁੰਡੀਆਂ ਲਾ ਕੇ ਬਿਜਲੀ ਸਪਲਾਈ ਦੀ ਤਿਆਰੀ ਕਰ ਰਿਹਾ ਸੀ। ਮੈਂ ਵੀ ਬਿਜਲੀ ਦਫ਼ਤਰ ’ਚੋਂ ਹੀ ਸੇਵਾ-ਮੁਕਤ ਹੋਇਆ ਹਾਂ।

“ਤੁਸੀਂ ਸ਼ਰੇਆਮ ਬਿਜਲੀ ਚੋਰੀ ਕਰ ਰਹੇ ਹੋ।” ਮੈਂ ਉਸਨੂੰ ਸਿਆਣਪ ਭਰੇ ਲਹਿਜੇ ਨਾਲ ਆਖਿਆ। “ਸਾਡੀ ਜੇ.ਈ. ਤੇ ਐਸ.ਡੀ.ਓ. ਨਾਲ ਗੱਲਬਾਤ ਹੋ ਚੁੱਕੀ ਹੈ।

“ਇਨ੍ਹਾਂ ਤੋਂ ਉਪਰ ਹੋਰ ਅਫ਼ਸਰ ਵੀ ਹੁੰਦੇ ਨੇ-ਜੇ ਉਨ੍ਹਾਂ ਨੇ ਚੋਰੀ ਫੜ ਲਈ ਤਾਂ।”

“ਸਾਡਾ ਤਾਂ ਵੱਡੇ ਅਫ਼ਸਰ ਤੱਕ ਸਾਰਾ ਇੰਤਜ਼ਾਮ ਕੀਤਾ ਹੋਇਆ।” ਕਹਿੰਦਿਆਂ ਮੁੜ ਤਾਰਾਂ ਜੋੜਨ ਲੱਗ ਪਿਆ।

“ਫਿਰ ਵੱਡੇ ਅਫ਼ਸਰ ਨੇ ਕੀ ਰਾਇ ਦਿੱਤੀ ਹੈ?”

“ਉਸਨੇ ਕਹਿ ਦਿੱਤਾ ਹੈ ਕਿ ਇਹ ਵੀ ਪੁੰਨ ਦਾਨ ਦਾ ਹੀ ਕੰਮ ਹੈ।”

**-ਸ਼ਾਹਪੁਰ ਕੰਢੀ ਟਾਊਨਸ਼ਿਪ**
**ਪਠਾਨਕੋਟ** (7347489902)

◆◆◆

# *ਨਿਬੰਧ*

## ਪੰਜਾਬੀ ਕਵਿਤਾ ਦਾ ਮੋਢੀ ਬਾਬਾ ਸ਼ੇਖ ਫ਼ਰੀਦ

***ਭੁਪਿੰਦਰ ਉਸਤਾਦ***

ਫ਼ਰੀਦਾ ਬੇ ਨਿਵਾਜਾ ਕੁੱਤਿਆ ਇਹ ਨਾ ਭਲੀ ਰੀਤਿ।
ਕਬ ਹੀ ਚਲ ਨਾ ਆਇਆ ਪੰਜੇ ਵਖਤ ਮਸੀਤਿ।
ਉਠ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ।
ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ।

ਫਰੀਦ ਜੀ ਆਪਣੇ ਧਰਮ ਵਿੱਚ ਪੱਕੇ ਸਨ। ਉਨ੍ਹਾਂ ਦੀ ਬਾਣੀ ਵੀ ਹਰ ਕਿਸੇ ਨੂੰ ਆਪਣੇ ਧਰਮ ਵਿੱਚ ਪੱਕੇ ਰਹਿਣ ਦਾ ਹੀ ਸਬਕ ਦਿੰਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਬਾਣੀ ਪੜ੍ਹਣ ਵਾਲੇ ਨੂੰ ਮਿੱਠਤ ਦਾ ਅਹਿਸਾਸ ਕਰਾਉਂਦੀ ਹੈ। ਪਰ ਜੋ ਲੋਕ ਆਪਣੇ ਧਰਮ ਦੇ ਅਸੂਲਾਂ ਨੂੰ ਨਹੀਂ ਮੰਨਦੇ ਉਨ੍ਹਾਂ ਲਈ ਫ਼ਰੀਦ ਜੀ ਤਲਖ ਹੋ ਕੇ ਉਨ੍ਹਾਂ ਨੂੰ ਕੁੱਤਾ ਕਹਿੰਦੇ ਹਨ ਕਿਉਂਕਿ ਜੋ ਬੰਦਾ ਆਪਣੇ ਧਰਮ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦਾ, ਉਨ੍ਹਾਂ ਦੀ ਨਜ਼ਰ ਵਿੱਚ ਉਹ ਬੰਦਾ ਹੀ ਨਹੀਂ।

ਬਾਬਾ ਸ਼ੇਖ ਫ਼ਰੀਦ ਜੀ ਦਾ ਜਨਮ, ਜ਼ਿਲ੍ਹਾ ਮੁਲਤਾਨ ਦੇ ਇਕ ਛੋਟੇ ਜਿਹੇ ਪਿੰਡ ਕੋਠੇਵਾਲ ਦੇ ਰਹਿਣ ਵਾਲੇ ਜਮਾਲੂ ਦੀਨ ਸੁਲੇਮਾਨ ਅਤੇ ਬੀਬੀ ਕੁਰੈਸ਼ਮ ਖਾਤੂਨ ਦੇ ਘਰ ਸੰਨ 1173 (ਹਿਜਰੀ 569) ਵਿਚ ਹੋਇਆ। ਆਪ ਜੀ ਦਾ ਪੂਰਾ ਨਾਮ ਫਰੀਦਉਦੀਨ ਮਸਊਦ ਮਰਿਅਮ ਸੀ। ਆਪ ਦੀ ਬੋਲ ਚਾਲ ਬਹੁਤ ਸਹਿਜ ਭਰੀ ਮਿੱਠੀ ਹੋਣ ਕਰਕੇ ਆਪ



ਨੂੰ ਸ਼ਕਰਗੰਜ ਜਾਣਿ ਸ਼ੱਕਰ ਦਾ ਭੰਡਾਰ ਵੀ ਕਿਹਾ ਜਾਂਦਾ ਸੀ।

ਬਾਬਾ ਫ਼ਰੀਦ ਜੀ ਦੇ ਪਿਤਾ ਜਮਾਲੂ ਦੀਨ ਸੁਲਤਾਨ ਮਹਿਮੂਦ ਗਜ਼ਨੀ ਦੇ ਭਣੇਵੇਂ ਲੱਗਦੇ ਸਨ। ਆਪ ਦਾ ਵਿਆਹ ਭਾਰਤ ਦੇ ਬਾਦਸ਼ਾਹ ਸੁਲਤਾਨ ਗਿਆਸੂਦੀਨ ਬਲਬਨ ਦੀ ਪੁੱਤਰੀ ਨਾਲ ਹੋਇਆ ਸੀ। ਇਸ ਤਰ੍ਹਾਂ ਆਪ ਸਬੰਧੀ ਸ਼ਾਹੀ ਘਰਾਣੇ ਨਾਲ ਜੁੜਿਆ ਹੋਇਆ ਸੀ। ਪਰ ਤਾਂ ਵੀ ਫ਼ਰੀਦ ਜੀ ਵਿੱਚ ਸ਼ਾਹੀ ਕਿਸਮ ਦੀ ਹੰਕਾਰ ਵਾਲੀ ਕੋਈ ਗੱਲ ਨਹੀਂ ਸੀ ਦਿਸਦੀ। ਉਨ੍ਹਾਂ ਦਾ ਜੀਵਨ ਬਹੁਤ ਸਾਦਾ ਸੀ। ਫ਼ਰੀਦ ਜੀ ਦੇ ਪਿਤਾ ਪਹਿਲਾਂ ਕਸੂਰ ਰਹਿੰਦੇ ਸਨ। ਉਦੋਂ ਸੁਲਤਾਨ ਸਹਾਬੂਦੀਨ ਦਾ ਰਾਜ ਸੀ। ਪਤਾ ਨਹੀਂ ਕੀ ਗੱਲ ਹੋਈ ਉਨ੍ਹਾਂ ਕਸੂਰ ਛੱਡਿਆ ਤੇ ਖੇਤਵਾਲ ਨੂੰ ਆਪਣਾ ਟਿਕਾਣਾ ਬਣਾ ਲਿਆ। ਏਥੇ ਆ ਕੇ ਫ਼ਰੀਦ ਜੀ ਦੀ ਜਨਮ ਹੋਇਆ। ਆਪ ਤਿੰਨਾਂ ਭਰਾਵਾਂ ਵਿਚੋਂ ਗਭਲੇ ਸਨ। ਵੱਡੇ ਭਰਾ ਦਾ ਨਾਮ ਅਜ਼ੀਜ਼ਉਦੀਨ ਮੁਹੰਮਦ ਸੀ ਅਤੇ ਛੋਟੇ ਦਾ ਨਾਮ ਨਜੀਬੁਦੀਨ ਸੀ।

ਬਾਬਾ ਜੀ ਦੀ ਮੁੱਢਲੀ ਸਿੱਖਿਆ ਕੋਠੇਵਾਲ ਵਿੱਚ ਹੀ ਹੋਈ। ਅਗਲੀ ਸਿੱਖਿਆ ਲਈ ਉਹ ਮੁਲਤਾਨ ਆਏ ਤੇ ਮੌਲਵੀ ਮਨਹਾਲ ਉਲਦੀਨ ਕੋਲ ਪੜ੍ਹਨ ਲੱਗੇ। ਮੌਲਵੀ ਜੀ ਕੋਲੋਂ ਫ਼ਰੀਦ ਜੀ ਨੇ ਕੁਰਾਨ ਸ਼ਰੀਫ਼, ਹਦੀਸ ਅਤੇ ਫ਼ਿਕਾ ਦਾ ਅਧਿਅਨ ਕੀਤਾ। ਇਸ ਤੋਂ ਬਾਅਦ ਅਗਲੀ ਪੜ੍ਹਾਈ ਲਈ ਆਪ ਦਿੱਲੀ ਆ ਗਏ। ਏਥੇ ਆ ਕੇ ਆਪ ਨੇ ਖ਼ਵਾਜਾ ਕੁਤਬੁਦੀਨ ਬਖ਼ਤਿਆਰ ਕਾਕੀ ਨੂੰ ਆਪਣਾ ਗੁਰੂ ਧਾਰ ਕੇ ਅਗਲੀ ਪੜ੍ਹਾਈ ਸ਼ੁਰੂ ਕੀਤੀ. ਬਾਬਾ ਜੀ ਦੇ ਜੀਵਨ ਬਾਰੇ ਜਾਣਕਾਰੀ ਹਾਸਲ ਕਰਦਿਆਂ ਇਹ ਪਤਾ ਲੱਗਾ ਕਿ ਬਾਬਾ ਜੀ ਦੀ ਗੁਰੂ ਨਾਲ ਪਹਿਲੀ ਮੁਲਾਕਾਤ ਹੋਣ ਦੀ ਕਹਾਣੀ ਬਹੁਤ ਰੋਚਕ ਹੈ। ਬਖਤਿਆਰ ਕਾਕੀ ਜੀ ਦਿੱਲੀ ਜਾ ਰਹੇ ਸਨ ਤਾਂ ਰਸਤੇ ਵਿੱਚ ਉਹ ਮੁਲਤਾਨ ਰੁਕੇ। ਜਦੋਂ ਕਾਕੀ ਜੀ ਫ਼ਰੀਦ ਹੁਰਾਂ ਦੇ ਡੇਰੇ ਪਹੁੰਚੇ ਤਾਂ ਫ਼ਰੀਦ ਜੀ ਕੋਈ ਪੁਸਤਕ ਪੜ੍ਹ ਰਹੇ ਸਨ। ਉਹ ਪੜ੍ਹਨ ਵਿੱਚ ਏਨੇ ਲੀਨ ਸਨ ਕਿ ਉਨ੍ਹਾਂ ਨੂੰ ਬਖਤਿਆਰ ਕਾਕੀ ਜੀ ਦੇ ਆਉਣ ਦਾ ਪਤਾ ਹੀ ਨਾ ਲੱਗਾ। ਬਾਬਾ ਜੀ ਦੀ ਲਗਨ ਦੇਖ ਕੇ ਕਾਕੀ ਜੀ ਬਹੁਤ ਖ਼ੁਸ਼ ਹੋਏ।

“ਕੀ ਪੜ੍ਹ ਰਹੇ ਬਰਖੁਰਦਾਰ?” ਕਾਕੀ ਜੀ ਨੇ ਨੇੜੇ ਹੋ ਕੇ ਪੁੱਛਿਆ।

“ਜਨਾਬ! ਮੈਂ ‘ਨਾਫਹ’ ਪੜ੍ਹ ਰਿਹਾ ਹਾਂ।” ਫ਼ਰੀਦ ਜੀ ਨੇ ਬੜੇ ਪਿਆਰ ਨਾਲ ਦੱਸਿਆ।

ਕਾਕੀ ਜੀ ਜੁਆਬ ਸੁਣ ਕੇ ਫਰੀਦ ਜੀ ਵੱਲ ਦੇਖਦੇ ਹੋਏ ਮੁਸਕਰਾਏ। “ਖ਼ੁਦਾ ਨੇ ਚਾਹਿਆ ਤਾਂ ‘ਨਾਫਹ’ ਨਾਫ ਸਾਬਤ ਹੋਏਗੀ।” ਨਾਫ਼ ਦਾ ਮਤਲਬ ਧੁੰਨੀ, ਨਾਫ਼ਹ ਦਾ ਮਤਲਬ ਹਿਰਨ ਦੀ ਧੁੰਨੀ ਵਿਚ ਕਸਤੂਰੀ ਦੀ ਥੈਲੀ (ਵਿੱਦਿਆ ਦੀ ਲਾਭਦਾਇਕ ਮਹਿਕ)

ਫ਼ਰੀਦ ਜੀ ਮਨ ਹੀ ਮਨ ਕਾਕੀ ਜੀ ਨੂੰ ਆਪਣਾ ਗੁਰੂ ਬਣਾ ਚੁੱਕੇ ਸਨ। ਕਾਕੀ ਜੀ ਨੇ ਫ਼ਰੀਦ ਜੀ ਨੂੰ ਸਮਝਾਇਆ ਕਿ “ਅਨਪੜ੍ਹ ਸੂਫ਼ੀ ਸ਼ੈਤਾਨ ਹੁੰਦਾ ਹੈ।” ਫ਼ਰੀਦ ਜੀ ਉੱਤੇ, ਇਸ ਗੱਲ ਨੇ ਬਹੁਤ ਅਸਰ ਕੀਤਾ। ਉਹ ਕਾਕੀ ਜੀ ਦਾ ਲੜ ਫੜ ਕੇ ਖੜੋ ਗਏ। ਹੱਥ ਜੋੜ ਬੇਨਤੀ ਕੀਤੀ, “ਦਾਸ ਨੂੰ ਆਪਣਾ ਚੇਲਾ ਬਣਾ ਲਓ।” ਕਾਕੀ ਜੀ ਨੇ ਸਿਰ ਤੇ ਹੱਥ ਫੇਰਦਿਆਂ ਕਿਹਾ, “ਅਜੇ ਤੁਸੀਂ ਸੰਸਾਰਕ ਵਿੱਦਿਆ ਦਾ ਗਿਆਨ ਹਾਸਲ ਕਰੋ। ਫਿਰ ਮੇਰੇ ਕੋਲ ਦਿੱਲੀ ਆ ਜਾਣਾ।

ਸ਼ੇਖ ਫਰੀਦ ਜੀ ਨੇ ਮੁਲਤਾਨ ਰਹਿੰਦਿਆਂ ਆਪਣੀ ਵਿੱਦਿਆ ਪੂਰੀ ਕੀਤੀ। ਫਿਰ

ਆਪ ਨੇ ਦਿੱਲੀ ਵੱਲ ਕੂਚ ਕਰ ਦਿੱਤਾ। ਇਹ ਸਫ਼ਰ ਕਰਦਿਆਂ ਵੀ ਆਪ ਨੇ ਬਹੁਤ ਗਿਆਨ ਹਾਸਲ ਕੀਤਾ। ਦਿੱਲੀ ਪਹੁੰਚ ਕੇ ਆਪ ਨੇ ਖਵਾਜ਼ਾ ਬਖਤਿਆਰ ਕਾਕੀ ਨੂੰ ਜਾਹਰਾ ਤੌਰ ਤੇ ਗੁਰੂ ਧਾਰਨ ਕਰ ਲਿਆ। ਉਨ੍ਹਾਂ ਦੀ ਰਹਿਨੁਮਾਈ ਵਿਚ ਵਿਦਿਆ ਹਾਸਲ ਕਰਨ ਲੱਗੇ। ਖਵਾਜ਼ਾ ਬਖਤਿਆਰ ਕਾਕੀ ਜੀ ਬਹੁਤ ਹੀ ਨਾਮ ਵਾਲੇ ਸੂਫ਼ੀ ਸੰਤ ਸਨ। ਉਨ੍ਹਾਂ ਦਾ ਸੁਭਾਅ ਬਹੁਤ ਹੀ ਮਿਲਣਸਾਰ ਅਤੇ ਪ੍ਰੇਮ ਵਾਲਾ ਸੀ। ਉਹ ਬਹੁਤ ਹੀ ਪਿਆਰ ਨਾਲ ਸੂਫ਼ੀ ਮੱਤ ਬਾਰੇ ਅਤੇ ਦੁਨੀਆਦਾਰੀ ਬਾਰੇ ਫ਼ਰੀਦ ਜੀ ਨੂੰ ਸਮਝਾਉਂਦੇ। ਫ਼ਰੀਦ ਜੀ ਵੀ ਪੂਰੀ ਇਕਾਗਰਤਾ ਨਾਲ ਗੁਰੂ ਦੀ ਗੱਲ ਸੁਣਦੇ, ਸਮਝਦੇ ਅਤੇ ਉਸ ਉਤੇ ਅਮਲ ਕਰਦੇ। ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਬੜੇ ਪਿਆਰ ਨਾਲ ਮਿਲ ਕੇ ਫ਼ਰੀਦ ਜੀ ਉਨ੍ਹਾਂ ਨਾਲ ਇਕ ਮਨ ਹੋ ਕੇ ਗੱਲਬਾਤ ਕਰਦੇ।

ਫ਼ਰੀਦ ਜੀ ਦੀ ਰਿਹਾਇਸ਼ ਦਿੱਲੀ ਗਜ਼ਨੀ ਦਰਵਾਜ਼ੇ ਕੋਲ ਸੀ। ਏਥੇ ਆਪ ਇਕ ਮਨ ਹੋ ਕੇ ਕਿਤਾਬਾਂ ਦੀ ਪੜ੍ਹਾਈ ਕਰਦੇ ਅਤੇ ਨਾਲ ਦੀ ਨਾਲ ਸੇਵਾ ਸਿਮਰਨ ਵੱਲ ਵੀ ਧਿਆਨ ਲਾਉਂਦੇ। ਫ਼ਰੀਦ ਜੀ ਦੀ ਪੜ੍ਹਨ ਵਿਚ ਲਗਨ ਅਤੇ ਸੇਵਾ ਭਾਵ ਦੇਖ ਕੇ ਉਨ੍ਹਾਂ ਦੇ ਗੁਰੂ ਖਵਾਜ਼ਾ ਕਾਕੀ ਫਰੀਦ ਜੀ ਨੂੰ ਮਹਾਂਪੁਰਖ ਕਹਿ ਕੇ ਬੁਲਾਉਣ ਲੱਗੇ। ਫ਼ਰੀਦ ਜੀ ਹੌਲੀ ਹੌਲੀ ਭਜਨ ਬੰਦਗੀ ਵੱਲ ਨੂੰ ਵੀ ਹੋ ਗਏ। ਇਸੇ ਬੰਦਗੀ ਦੇ ਤਪ ਨੇ ਫ਼ਰੀਦ ਜੀ ਨੂੰ ਰੱਬੀ ਮੇਲ ਕਰਾ ਦਿੱਤਾ। ਇਸ ਬਾਰੇ ਆਪ ਦੇ ਬਹੁਤ ਸਲੋਕ ਹਨ।

ਜਿਤੁ ਦਿਹਾੜੇ ਧੰਨ ਵਰੀ ਸਾਹੇ ਲਏ ਲਿਖਾਇ।
ਮਲਕੁ ਜਿ ਕੰਨਾ ਸੁਣੀਦਾ ਮੁਹੁ ਦੇਖਾਲੇ ਆਇ।

ਜਿੰਦ ਨਿਮਾਣੀ ਕਢੀਐ ਹਡਾ ਕੂ ਕੜਕਾਇ।
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ।

ਜਿੰਦ ਵਹੁਟੀ ਮਰਣੁ ਵਰ ਲੈ ਜਾਸੀ ਪਰਣਾਇ
ਆਪਣ ਹਥੀ ਜੋ ਲਿਕੈ ਕੈ ਗਲਿ ਲਗੈ ਧਾਇ।

ਵਾਲਹੁ ਨਿਕੀ ਪੁਰਸਲਾਤ ਕੰਨੀ ਨਾ ਸੁਣੀ ਆਇ।
ਫਰੀਦ ਕਿੜੀ ਪਵੰਦੀਈ ਖੜਾ ਨਾ ਆਪੁ ਮੁਹਾਇ।

1. ਇਸਤਰੀ (ਜੀਵ ਆਤਮਾ)
2. ਵਿਆਹ ਗਈ (ਜਨਮ ਲਿਆ)
3. ਉਸਦੇ ਸਾਹ ਉਸੇ ਦਿਨ ਹੀ ਲਿਖ ਦਿੱਤੇ ਗਏ।
4. ਮੌਤ ਦਾ ਫਰਸ਼ਿਤਾ
5. ਗਰੀਬੜੀ
6. ਪੀੜ-ਦਰਦ ਦੁੱਖ।
7. ਸਾਹ ਲਿਖੇ ਹੋਏ ਹਨ, ਵੱਧ ਇਕ ਨਹੀਂ ਮਿਲਦਾ।



8. ਮੌਤ,
9. ਲਾੜਾ,
10. ਵਿਆਹ ਕੇ।
11. ਦੋਜ਼ਖ ਦਾ ਪੁਲ ਜੋ ਬਹੁਤ ਛੋਟਾ (ਭੀੜਾ) ਤਲਵਾਰ ਦੀ ਧਾਰ ਨਾਲੋਂ ਤੇਜ਼ ਹੈ।
12. ਆਵਾਜ਼ਾਂ
13. ਪੈ ਰਹੀਆਂ ਹਨ।

ਹੇਠ ਲਿਖੇ ਸਲੋਕ ਵਿਚ ਫ਼ਰੀਦ ਜੀ ਸਮਝਾ ਰਹੇ ਹਨ ਕਿ ਉਮਰ ਵਡੇਰੀ ਹੋ ਗਈ ਹੈ। ਦਾੜ੍ਹੀ ਦਾ ਰੰਗ ਭੂਰਾ ਹੋ ਗਿਆ ਹੈ। ਸਮਝ ਲੈ ਮੌਤ ਨੇੜੇ ਆ ਰਹੀ ਹੈ, ਬਚਪਨ ਜਵਾਨੀ ਦੂਰ ਰਹਿ ਗਏ ਹਨ।

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ।
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰ।

ਫ਼ਰੀਦ ਜੀ ਪ੍ਰਮਾਤਮਾ ਦੇ ਧਿਆਨ ਵਿਚ ਏਨੇ ਲੀਨ ਹੋ ਗਏ ਕਿ ਉਨ੍ਹਾਂ ਨੂੰ ਖਾਣਾ-ਪੀਣਾ ਵੀ ਭੁੱਲ ਗਿਆ। ਉਨ੍ਹਾਂ ਦਾ ਸਰੀਰ ਸੁੱਕ ਕੇ ਹੱਡੀਆਂ ਦਿੱਸਣ ਲੱਗ ਪਈਆਂ। ਕਾਵਾਂ ਨੇ ਫ਼ਰੀਦ ਜੀ ਦੇ ਜਿਸਮ ਤੋਂ ਮਾਸ ਨੋਚਣਾ ਸ਼ੁਰੂ ਕਰ ਦਿੱਤਾ। ਫ਼ਰੀਦ ਜੀ ਕਹਿਣ ਲੱਗੇ ਹੋਰ ਤਾਂ ਭਾਵੇਂ ਸਾਰੇ ਸਰੀਰ ਦਾ ਮਾਸ ਚਰੂੰਡ ਲੈਣਾ ਪਰ ਮੇਰੀਆਂ ਅੱਖਾਂ ਨੂੰ ਨਾ ਛੇੜਨਾ। ਇਨ੍ਹਾਂ ਅੱਖਾਂ ਨਾਲ ਮੈਂ ਪ੍ਰਮਾਤਮਾ ਦੇ ਦਰਸ਼ਨ ਕਰਨੇ ਹਨ।

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸ।
ਏ ਦੁਇ ਨੈਨਾ ਮਤਿ ਛੁਹਉ ਫੇਰ ਦੇਖਨ ਕੀ ਆਸ।

ਫ਼ਰੀਦ ਜੀ ਨੂੰ ਅਜੇ ਤੱਕ ਪ੍ਰਮਾਤਮਾ ਦੇ ਦਰਸ਼ਨ ਨਹੀਂ ਸੀ ਹੋਏ। ਆਪ ਨੇ ਕਈ ਚਿਲੇ ਕਟੇ। ਸਾਰੀ ਰਾਤ ਖੂਹ ਵਿਚ ਉਲਟੇ ਲਟਕਦੇ ਰਹਿੰਦੇ। ਪ੍ਰਮਾਤਮਾ ਦਾ ਨਾਮ ਜਪਦੇ ਰਹਿੰਦੇ। ਸਿਮਰਨ ਕਰਦੇ ਰਹਿੰਦੇ। ਫ਼ਰੀਦ ਜੀ ਦੀ ਭਗਤੀ ਬਾਰੇ ਸੁਣ ਕੇ ਸ਼ਰਧਾਲੂਆਂ ਦਾ ਆਉਣ ਜਾਣ ਵੱਧ ਗਿਆ। ਆਪ ਦੇ ਤਪ ਵਿਚ ਵਿਘਨ ਪੈਣ ਲੱਗ ਪਿਆ। ਆਪ ਗੁਰੂ ਜੀ ਤੋਂ ਆਗਿਆ ਲੈ ਕੇ ਦਿੱਲੀ ਛੱਡ ਕੇ ਹਾਂਸੀ ਚਲੇ ਗਏ। ਉਥੇ ਇਕ ਨਿਵੇਕਲੀ ਮਸੀਤ ਵਿਚ ਜਾ ਕੇ ਤਪ ਕਰਨ ਲੱਗੇ। ਪਰ ਥੋੜ੍ਹੇ ਚਿਰ ਪਿਛੋਂ ਹੀ ਕਾਕੀ ਜੀ ਰੱਬ ਨੂੰ ਪਿਆਰੇ ਹੋ ਗਏ। ਫ਼ਰੀਦ ਜੀ ਨੂੰ ਫਿਰ ਦਿੱਲੀ ਆਉਣਾ ਪਿਆ। ਬਖਤਿਆਰ ਕਾਕੀ ਜੀ ਆਪਣੀ ਗੱਦੀ ਫ਼ਰੀਦ ਜੀ ਦੇ ਨਾਮ ਕਰ ਗਏ ਸਨ। ਸ਼ਰਧਾਲੂਆਂ ਦਾ ਇਕੱਠ ਬਹੁਤ ਹੋਣ ਲੱਗ ਪਿਆ। ਆਪ ਫਿਰ ਦਿੱਲੀ ਛੱਡ ਕੇ ਹਾਂਸੀ ਚਲੇ ਗਏ।

ਹੁਣ ਹਾਂਸੀ ਵਾਸੀਆਂ ਨੂੰ ਜਦੋਂ ਪਤਾ ਲੱਗਾ ਕਿ ਬਾਬਾ ਜੀ ਸੂਫ਼ੀਆਂ ਦੀ ਗੱਦੀ ਦੇ ਮਾਲਕ ਬਣ ਗਏ ਹਨ ਤਾਂ ਉਥੇ ਵੀ ਸੇਵਕਾਂ ਦਾ ਇਕੱਠ ਵੱਧਣ ਲੱਗ ਪਿਆ। ਇਸ ਕਰਕੇ ਆਪ ਨੇ ਹਾਂਸੀ ਵੀ ਛੱਡ ਦਿੱਤੀ ਤੇ ਅਜੋਧਨ (ਮਿੰਟਗੁਮਰੀ) ਚਲੇ ਗਏ। ਫਿਰ ਉਹ ਏਥੇ ਹੀ ਰਹੇ ਤੇ ਏਥੇ ਹੀ ਕਾਲਵਾਸ ਹੋਏ। ਬਾਦਸ਼ਾਹ ਅਕਬਰ ਨੇ ਫ਼ਰੀਦ ਜੀ ਨੂੰ ਇੱਜ਼ਤ ਦਿੰਦਿਆਂ ਆਯੋਜਨ ਦਾ ਨਾਮ ਪਾਕਪਟਣ ਰੱਖ ਦਿੱਤਾ ਇਸੇ ਦੇ ਨਾਲ ਹੀ ਇਹ ਵੀ ਦੱਸਦਾ ਜਾਵਾਂ ਕਿ ਰਾਜ ਮੋਕਲ ਦੇਵ ਨੇ ਆਪਣੇ ਨਾਮ ਉਤੇ ਇਕ ਨਗਰ ਮੋਕਲ ਨਗਰ ਬਣਾਇਆ।

ਜਦੋਂ ਫ਼ਰੀਦ ਜੀ ਉਥੇ ਗਏ ਤਾਂ ਉਸੇ ਰਾਜੇ ਨੇ 'ਮੋਕਲ ਨਗਰ' ਦਾਮ ਨਾਮ ਬਦਲ ਕੇ ਉਸ ਨਗਰ ਦਾ ਨਾਮ ਬਾਬਾ ਫਰੀਦ ਜੀ ਦੀ ਯਾਦ ਵਿੱਚ 'ਫਰੀਦਕੋਟ' ਰੱਖ ਦਿੱਤਾ। ਫਰੀਦਕੋਟ ਅੱਜ ਪੰਜਾਬ ਦਾ ਮਸ਼ਹੂਰ ਸ਼ਹਿਰ ਹੈ।

ਬਾਬਾ ਫ਼ਰੀਦ ਜੀ ਹਾਂਸੀ ਤੋਂ ਕਦੇ ਕਦੇ ਅਜਮੇਰ ਸ਼ਰੀਫ਼ ਵੀ ਚਲੇ ਜਾਂਦੇ ਸਨ। ਅਜਮੇਰ ਦਰਗਾਹ ਉਤੇ ਨਾਮ ਸੂਫ਼ੀ ਫ਼ਕੀਰ ਖਵਾਜ਼ਾ ਮਈਉਦੀਨ ਚਿਸ਼ਤੀ ਰਹਿੰਦੇ ਸਨ। ਉਨ੍ਹਾਂ ਦੇ ਜਪ ਤਪ ਨੇ ਬੜੀ ਦੂਰ ਤੱਕ ਉਨ੍ਹਾਂ ਦੇ ਨਾਮ ਦੀ ਧੁੰਨ ਵਿਖੇਰੀ ਪਈ ਸੀ। ਸ਼ਰਧਾਲੂ ਬਹੁਤ ਆਸਾਂ ਲੈ ਕੇ ਉਥੇ ਆਉਂਦੇ ਸਨ। ਕਹਿੰਦੇ ਹਨ ਕਿ ਅਕਬਰ ਬਾਦਸ਼ਾਹ ਵੀ ਨੰਗੇ ਪੈਰੀਂ ਪੁੱਤਰ ਦੀ ਮੰਗ ਲੈ ਕੇ ਉਸ ਦਰਗਾਹ 'ਤੇ ਆਇਆ ਸੀ। ਫਿਰ ਜਹਾਂਗੀਰ ਪੈਦਾ ਹੋਇਆ ਸੀ।

ਫ਼ਰੀਦ ਜੀ ਨੇ ਚਾਰ ਸ਼ਾਦੀਆਂ ਕੀਤੀਆਂ। ਜਿਨ੍ਹਾਂ ਵਿਚੋਂ ਭਾਈ ਕਾਹਨ ਸਿੰਘ ਜੀ ਦੇ ਲਿਖਣ ਅਨੁਸਾਰ ਪੰਜ ਪੁੱਤਰ ਅਤੇ ਤਿੰਨ ਧੀਆਂ ਪੈਦਾ ਹੋਈਆਂ ਜਿਨ੍ਹਾਂ ਵਿਚੋਂ ਇਕ ਪੁੱਤਰੀ ਹਜ਼ਰਤ ਨਜਾਮੁਦੀਨ ਔਲੀਆ ਨਾਲ ਵਿਆਹੀ ਗਈ ਸੀ। ਇਹ ਹਜ਼ਰਤ ਨਿਜਾਮੁਦੀਨ ਔਲੀਆ ਮਸ਼ਹੂਰ ਤੁਰਕੀ ਸ਼ਾਇਰ ਅਮੀਰ ਖੁਸਰੋ ਦੇ ਗੁਰੂ ਸਨ। ਅਮੀਰ ਖੁਸਰੋ ਭਾਰਤ ਵਿੱਚ ਪੈਦਾ ਹੋਇਆ ਤੇ ਭਾਰਤ ਦੀ ਮਿੱਟੀ ਵਿੱਚ ਹੀ ਦਫ਼ਨ। ਗੁਰੂ-ਚੇਲੇ ਦੀਆਂ ਸਮਾਧਾਂ ਦਿੱਲੀ ਵਿੱਚ ਮੌਜੂਦ ਹਨ। ਇਨ੍ਹਾਂ ਨੂੰ ਹੀ ਫ਼ਰੀਦ ਜੀ ਨੇ ਦਿੱਲੀ ਵਾਲੀ ਗੱਦੀ ਦਾ ਵਾਰਸ ਬਣਾਇਆ ਸੀ। ਪਾਕਪਟਨ ਵਾਲੀ ਦਰਗਾਹ ਦੀ ਦੇਖਭਾਲ ਫਰੀਦ ਜੀ ਦੇ ਪੁੱਤਰ ਸ਼ੇਖ ਬਦਰੁਦੀਨ ਸੁਲੇਮਾਨ ਨੂੰ ਮਿਲੀ।

ਫ਼ਰੀਦ ਜੀ ਸੁਧਾਰਵਾਦੀ ਸੂਫ਼ੀ ਫ਼ਕੀਰ ਸਨ। ਆਪਣੇ ਧਰਮ ਦੇ ਪੱਕੇ ਸਨ। ਹੋਰਨਾਂ ਸੂਫੀਆਂ ਸੰਤਾਂ ਵਾਂਗ ਇਸਲਾਮ ਦੀ ਨਿਖੇਧੀ ਨਹੀਂ ਸਨ ਕਰਦੇ। ਆਪ ਨੇ ਬਹੁਤ ਲੋਕਾਂ ਨੂੰ ਇਸਲਾਮ ਵਿਚ ਆਪਣੇ ਪ੍ਰੇਮ ਸਦਕਾ ਲਿਆਂਦਾ। ਆਪ ਸਿੱਧੀ ਸਾਦੀ ਬੋਲੀ ਵਿਚ ਗੱਲਬਾਤ ਕਰਕੇ ਲੋਕਾਂ ਨੂੰ ਸਮਝਾਉਂਦੇ ਸਨ ਕਿ ਅੱਲਾ ਦੀ ਭਗਤੀ ਕਰਕੇ ਜੀਵਨ ਸੁਧਰਦਾ ਹੈ। ਆਪ ਉਹ ਕਿਸੇ ਕੋਲੋਂ ਖੈਰਾਤ ਨਹੀਂ ਸਨ ਲੈਂਦੇ। ਇਸ ਦੀਆਂ ਦੋ ਮਿਸਾਲਾਂ ਹਨ।

ਇਕ ਵਾਰ ਸੁਲਤਾਨ ਪਾਕਪਟਨ ਆਇਆ ਤੇ ਉਸ ਨੇ ਫਰੀਦ ਜੀ ਨੂੰ ਜਾਗੀਰ ਦੇਣੀ ਚਾਹੀ। ਬਾਬਾ ਜੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਮੈਨੂੰ ਜਗੀਰ ਦੀ ਲੋੜ ਨਹੀਂ ਹੈ ਕਿਸੇ ਲੋੜਵੰਦ ਨੂੰ ਦੇ ਦਿਓ। ਤੁਹਾਨੂੰ ਪੁੰਨ ਮਿਲੇਗਾ।

ਇਕ ਵਾਰ ਖਾਣਾ ਖਾਣ ਲੱਗੇ ਤਾਂ ਪਤਾ ਲੱਗਾ ਕਿ ਉਸ ਵਿਚ ਲੂਣ ਮੰਗ ਕੇ ਪਾਇਆ ਹੈ ਤਾਂ ਬਾਬਾ ਜੀ ਨੇ ਖਾਣਾ ਨਹੀਂ ਖਾਧਾ।

ਬਾਬਾ ਜੀ ਇਹ ਮੰਨਣਾ ਸੀ ਕਿ ਜੇ ਰੱਬ ਨਾਲ ਮਿਲਣਾ ਹੈ ਤਾਂ ਕਿਸੇ ਦਾ ਦਿਲ ਨਾ ਦੁਖਾਓ। ਲੋਕਾਂ ਨੂੰ ਸਬਰ ਵਿਚ ਰਹਿਣ ਦੀ ਅਪੀਲ ਕਰਦੇ ਹੋਏ ਫਰੀਦ ਜੀ ਦਾ ਸਲੋਕ ਹੈ-

ਰੁਖੀ ਸੁਖੀ ਖਾਇ ਕੇ ਠੰਡਾ ਪਾਣੀ ਪੀਉ।
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ।

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਹੰਢਾਇ।
ਦੇਹੀ ਰੋਗ ਨ ਲਗਈ ਪਲੈ ਸਭੁ ਕਿਛੁ ਪਾਇ॥



ਫ਼ਰੀਦ ਜੀ ਦੇ ਸਮੇਂ ਬੇਸ਼ਕ ਰਾਜ ਭਾਸ਼ਾ ਫਾਰਸੀ ਸੀ। ਫਿਰ ਵੀ ਉਨ੍ਹਾਂ ਆਪਣੀ ਬਾਣੀ ਪੰਜਾਬੀ ਵਿਚ ਰਚੀ। ਆਪ ਦੇ 130 ਸਲੋਕ ਪੜ੍ਹਨ ਨੂੰ ਮਿਲਦੇ ਸਨ। ਇਨ੍ਹਾਂ ਵਿਚੋਂ 112 ਸਲੋਕ, ਰਾਗ ਸੂਹੀ ਵਿਚ ਦੋ ਸ਼ਬਦ ਅਤੇ ਦੋ ਸ਼ਬਦ ਹੀ ਰਾਗ ਆਸਾ ਵਿਚ ਲਿਖੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸੰਨ 1266 ਵਿਚ ਆਪ ਪਾਕਪਟਨ ਵਿਚ ਰੱਬ ਨੂੰ ਪਿਆਰੇ ਹੋ ਗਏ।

◆◆◆

# ਸਤਿਗੁਰ ਨਾਨਕ ਪ੍ਰਗਟਿਆ

**ਰਾਜਿੰਦਰ ਵਰਮਾ**

ਜਦੋਂ ਵੀ ਕਿਧਰੇ ਕੂੜ ਦੀ ਹਨ੍ਹੇਰੀ ਝੁੱਲਦੀ ਏ ਜਬਰ/ਜ਼ੁਲਮ ਦੀ ਅੱਤ ਪੂਰੇ ਜੋਬਨ ਤੇ ਹੋ ਜਾਂਦੀ ਏ ਤਾਂ ਇਸ ਜ਼ਬਰ/ਜ਼ੁਲਮ ਨਾਲ ਟੱਕਰ ਲੈਣ ਲਈ ਕੋਈ ਨਾ ਕੋਈ ਮਹਾਂਪੁਰਖ ਇਸ ਧਰਤੀ ਉਤੇ ਜਨਮ ਲੈਂਦਾ ਹੈ ਜੋ ਇਸ ਜ਼ੁਲਮ ਨੂੰ ਠੱਲ੍ਹ ਪਾਉਂਦਾ ਹੈ ਅਤੇ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਾਹ ਪਾਉਂਦਾ ਹੈ।

ਪੰਦਰਵੀਂ ਸਦੀ ਦੇ ਅੱਧ ਦੇ ਜਦੋਂ ਅਜਿਹੀ ਕੂੜ ਦੀ ਹਨ੍ਹੇਰੀ ਭਾਰਤ 'ਚ ਝੁੱਲੀ ਤਾਂ ਸਿੱਖਾਂ ਦੇ ਪ੍ਰਥਮ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ। ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿੱਚ ਇਹ ਗੱਲ ਦਾ ਹਵਾਲਾ ਪੇਸ਼ ਕਰਦੇ ਹਨ -

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਦ ਜਗੁ ਚਾਨਣਿ ਹੋਆ-

ਜਦੋਂ 1469 ਦੇ ਭਾਈ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਤਾਂ ਉਸ ਕੋਠੜੀ 'ਚ ਅਜੀਬੋ ਗਰੀਬ ਚਾਨਣ ਹੋਇਆ। ਇਹ ਚਾਨਣ ਮਾਤਾ ਦੌਲਤਾਂ ਦਾਈ ਨੇ ਸਭ ਤੋਂ ਪਹਿਲੋਂ ਦੇਖਿਆ ਅਤੇ ਮਹਿਤਾ ਜੀ ਨੂੰ ਦੱਸਿਆ ਕਿ ਇਹ ਬਾਲ ਕੋਈ ਸਧਾਰਣ ਬਾਲ ਨਹੀਂ ਇਹ ਤਾਂ ਰੱਬ ਦਾ ਰੂਪ ਹੈ। ਮੋਹਰਾਂ ਮੋਤੀਆਂ ਦੇ ਥਾਲ ਮਾਲ ਦੌਲਤਾਂ ਦਾਈ ਨੇ ਲੈਣ ਤੋਂ ਠੁਕਰਾ ਦਿੱਤੇ ਅਤੇ ਕਿਹਾ ਕਿ ਮੇਰਾ ਜੀਵਨ ਸਫ਼ਲ ਹੋ ਗਿਆ ਹੈ। ਮੈਂ ਰੱਬ ਦਾ ਦੀਦਾਰ ਪਾ ਲਿਆ ਹੈ।

ਭੈਣ ਨਾਨਕੀ ਜੀ ਜੋ ਆਪ ਤੋਂ ਪੰਜ ਵਰ੍ਹੇ ਵੱਡੇ ਸਨ, ਉਨ੍ਹਾਂ ਨੇ ਰੱਬ ਦਾ ਦੀਦਾਰ ਵੀਰ ਨਾਨਕ 'ਚ ਪਾਇਆ। ਰਾਏ ਬੁਲਾਰ ਨੇ ਇਹ ਰੂਪ ਤੱਕਿਆ। ਜਦੋਂ ਮੱਝੀਆਂ ਨੇ ਖੇਤ ਚਰਿਆ ਤਾਂ ਸ਼ਿਕਾਇਤ ਦਾ ਨਿਪਟਾਰਾ ਕਰਨ ਜਦੋਂ ਰਾਏ ਜੀ ਖੇਤਾਂ 'ਚ ਆਏ ਤਾਂ ਸਾਰੇ ਹੀ ਖੇਤ ਹਰੇ ਭਰੇ ਮਿਲੇ।

ਜਦੋਂ ਆਪ ਜੀ ਨੂੰ ਭਾਈ ਮਰਦਾਨਾ ਜੀ ਨਾਲ ਵੀਹ ਰੁਪਏ ਦਾ ਵਪਾਰ ਕਰਨ ਲਈ ਭੇਜਿਆ ਤਾਂ ਆਪ ਜੀ ਨੇ ਚੂਹੜਕਾਣੇ ਡੇਰੇ ਲਾਈ ਬੈਠੇ ਭੁੱਖੇ ਸਾਧੂਆਂ ਨੂੰ ਭੋਜਨ ਛਕਾਇਆ ਅਤੇ ਸੱਚਾ ਸੌਦਾ ਕਰਨ ਦੀ ਗੱਲ ਆਖੀ। ਆਪ ਜੀ ਨੇ ਭੁੱਲੀ ਭਟਕੀ ਲੋਕਾਈ ਨੂੰ ਸਿੱਧੇ ਰਾਹ ਪਾਇਆ। ਸੱਜਣ ਠੱਗ ਸੱਜਣ ਬਣ ਗਿਆ। ਵਲੀ ਕੰਧਾਰੀ ਦਾ ਹੰਕਾਰ ਤੋੜਿਆ। ਉਸਦੇ ਤਪਦੇ ਕੜਾਹੇ ਠੰਡੇ ਹੋ ਗਏ ਅਤੇ ਉਹ ਗੁਰੂ ਜੀ ਦੇ ਪੈਰੀਂ ਪੈ ਗਿਆ।

ਜਦੋਂ ਵੇਈਂ ਨਦੀ ’ਚੋਂ ਤੀਸਰੇ ਦਿਨ ਆਪ ਪ੍ਰਗਟ ਹੋਏ ਤਾਂ ੧ੴ ਦਾ ਸੁਨੇਹਾ ਦਿੱਤਾ। ਆਪ ਜੀ ਦਾ ਪਾਵਣ ਬਾਣੀ ਜਪੁ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 1 ਤੋਂ 5 ਤੱਕ ਦਰਜ ਹੈ।

ਜੋ ਕਿ ਹਰ ਜਗਿਆਸੂ ਲਈ ਗਾਡੀ ਰਾਹ ਦਾ ਕੰਮ ਕਰ ਰਹੀ ਹੈ। ਆਪ ਜੀ ਨੇ ਚਹੁੰ ਦਿਸ਼ਾਵਾਂ ਦੇ ਚਾਰ ਯਾਤਰਾਵਾਂ ਕੀਤੀਆਂ। ਕੁਰਾਹੇ ਪਏ ਲੋਕਾਂ ਨੂੰ ਸਿੱਧੇ ਰਾਹ ਪਾਇਆ। ਮੱਕਾ ਘੁੰਮ ਗਿਆ। ਕਾਜ਼ੀ ਮੁੱਲਾਂ ਹੈਰਾਨ ਰਹਿ ਗਏ। ਸਿੱਧਾਂ ਨੂੰ ਗੋਸ਼ਿਟ ਕਰਕੇ ਸੱਚ ਦਾ ਚਾਨਣ ਵੰਡਿਆ। ਜਗਨਨਾਥ ਮੰਦਿਰ ਦੇ ਵਿੱਚ ਹੋ ਰਹੀ ਆਰਤੀ ਤੋਂ ਹਟਕੇ ਵੱਖਰੀ ਆਰਤੀ ਦਾ ਸੰਕਲਪ ਪੇਸ਼ ਕੀਤਾ। ਆਪ ਜੀ ਨੇ ਫੁਰਮਾਇਆ।

ਗਗਨਿ ਮੈ ਥਾਲੁ ਰਵਿ ਚੰਦ ਦੀਪਕ ਬਣੇ,
ਤਾਰਕਾ ਮੰਡਲ ਜਨਕ ਮੋਤੀ-ਭਵਖੰਡ ਨ ਤੇਰੀ ਆਰਤੀ।

ਹੱਕ ਸੱਚ ਵਿਰੁੱਧ ਅਵਾਜ਼ ਉਠਾਇਆ, ਹਮੇਸ਼ਾ ਸੱਚ ਦਾ ਲੜ ਫੜਨ ਦਾ ਸੰਦੇਸ਼ ਦਿੱਤਾ। ਬਾਬਰ ਨੂੰ ਜ਼ਾਬਰ ਕਹਿਣ ’ਚ ਸੰਕੋਚ ਨਾ ਵਰਤਿਆ-

ਪਾਪ ਕੀ ਜੰਞ ਲੈ ਕਾਬਲੋਂ ਧਾਇਆ,
ਜੋਰੀ ਮੰਗੇ ਦਾਨ ਵੇ ਲਾਲੋ-

ਮਲਿਕ ਦੇ ਖੀਰ ਪੂੜੇ ਤਿਆਗ ਕੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਸਵੀਕਾਰ ਕੀਤੀ। ਦਸਾਂ ਨਹੁੰਆਂ ਦੀ ਕਿਰਤ ਦਾ ਹੋਕਾ ਦਿੱਤਾ। ਪਰਾਏ ਹੱਕ ਖਾਣ ਤੋਂ ਵਰਜਿਆ।

ਹੱਕ ਪਰਾਇਆ ਨਾਨਕਾ ਉਸ ਸੂਅਰ, ਉਸ ਗਾਏ

ਜਦੋਂ ਸਮਾਜ ਦੇ ਔਰਤ ਨੂੰ ਧਿਰਕਾਰਿਆ ਗਿਆ ਤਾਂ ਔਰਤ ਦੀ ਮਹਾਨਤਾ ਬਾਰੇ ਸੁਚੇਤ ਕੀਤਾ।

ਸੋ ਕਿਉ ਮੰਦਾ ਆਖੀਐ,
ਜਿਤੁ ਜੰਮੇ ਰਾਜਾਨੁ (ਅੰਗ 478)

ਆਪ ਜੀ ਨੇ ਕ੍ਰਿਤ ਕਰਕੋ, ਨਾਮ ਜਪੋ ਅਤੇ ਵੰਡ ਛਕੋ ਦਾ ਸੰਦੇਸ਼ ਦਿੱਤਾ। ਪਰਾਏ ਹੱਕ ਅਤੇ ਝੂਠ ਬੋਲਣ ਦੀ ਨਿਖੇਧੀ ਕੀਤੀ। ਨਿਤਾਣੇ ਨੂੰ ਤਾਣ, ਨਿਮਾਣੇ ਨੂੰ ਮਾਣ ਅਤੇ ਨਿਓਟੇ ਨੂੰ ਓਟ ਦੇਣ ਦਾ ਮਾਡਲ ਪੇਸ਼ ਕੀਤਾ।

ਆਪ ਜੀ ਨੇ ਜ਼ਿੰਦਗੀ ਦੇ 17 ਵਰ੍ਹੇ ਖੇਤੀ ਕੀਤੀ ਅਤੇ ਸੱਚੀ-ਸੁੱਚੀ ਕ੍ਰਿਤ ਦੀ ਹਾਮੀ ਭਰੀ। ਆਪ ਜੀ 1539 ਵਿੱਚ 70ਵਰ੍ਹੇ ਦੀ ਆਯੂ ਭੋਗ ਕੇ ਗੁਰਪੁਰੀ ਸੁਧਾਰ ਗਏ।

ਅੱਜ ਲੋੜ ਐ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਂ ਉਤੇ ਚੱਲਣ ਦੀ ਤਾਂ ਕਿ ਹੱਕ-ਸੱਚ ਦਾ ਹੋਕਾ ਦੇ ਕੇ ਅਸੀਂ ਆਪਣੀ ਜ਼ਿੰਦਗੀ ’ਚ ਹਰ ਪੱਖੋਂ ਚਾਨਣ ਭਰ ਸਕੀਏ।

**99142-21910**


◆◆◆



*ਲਘੂ ਨਾਟਕ*

# ਬਾਪੂ ਦਾ ਵਿਹੜਾ

**ਪ੍ਰੋ. ਸਤਵਿੰਦਰ ਬੇਗੋਵਾਲੀਆ**



| | |
|---|---|
| **ਅਨੂਪ ਚੰਦ :** | **ਇੱਕ ਕਾਲਜ ਦਾ ਪ੍ਰੋਫੈਸਰ** |
| **ਮੋਨਿਕਾ :** | **ਅਨੂਪ ਚੰਦ ਦੀ ਪਤਨੀ** |
| **ਗੁਰਨਾਮ :** | **ਅਨੂਪ ਚੰਦ ਦਾ ਮਿੱਤਰ** |
| **ਕਰਤਾਰ ਚੰਦ :** | **ਅਨੂਪ ਚੰਦ ਦਾ ਪਿਤਾ** |
| **ਬੱਬੂ :** | **ਅਨੂਪ ਚੰਦ ਦਾ ਪੁੱਤਰ** |
| **ਸ਼ਵੀ :** | **ਬੱਬੂ ਦੀ ਪਤਨੀ** |

## ਦ੍ਰਿਸ਼ ਪਹਿਲਾ

ਸਥਾਨ : ਪ੍ਰੋ. ਅਨੂਪ ਚੰਦ ਦੇ ਪਿੰਡ ਵਿਚਲੀ ਕੋਠੀ।
(ਪ੍ਰੋ. ਅਨੂਪ ਚੰਦ ਅਤੇ ਉਸ ਦੀ ਪਤਨੀ ਮੋਨਿਕਾ ਸੋਫੇ ’ਤੇ ਬੈਠੇ ਹਨ, ਅਨੂਪ ਚੰਦ ਦੇ ਚਿਹਰੇ ’ਤੇ ਗੁੱਸੇ ਦੇ ਹਾਵ ਭਾਵ ਨਜ਼ਰ ਆਉਂਦੇ ਹਨ)

ਅਨੂਪ ਚੰਦ : ਮੋਨਿਕਾ!

ਮੋਨਿਕਾ : ਕੀ ਗੱਲ ਏ?

ਅਨੂਪ ਚੰਦ : ਪਾਣੀ ਦਾ ਗਲਾਸ ਫੜਾ, ਪਾਣੀ ਠੰਡਾ ਲਿਆਈਂ ਫਰਿਜ ਦਾ।

ਮੋਨਿਕਾ : ਫਰਿੱਜ ਦਾ ਹੀ ਲੈ ਕੇ ਆਵਾਂਗੀ।
(ਅੰਦਰ ਜਾਂਦੀ ਹੈ)

ਅਨੂਪ ਚੰਦ : ਡਿਊਟੀ ਤੋਂ ਜਦ ਵੀ ਘਰ ਪਰਤਦਾਂ, ਕੋਈ ਨਾ ਕੋਈ ਕਲਹਿਣਾ ਮੱਥੇ ਲੱਗ ਈ ਜਾਂਦੈ।
(ਮੋਨਿਕਾ ਪਾਣੀ ਦਾ ਗਲਾਸ ਲੈ ਕੇ ਆਉਂਦੀ ਹੈ)

ਮੋਨਿਕਾ : ਲਓ, ਅੱਜ ਕੀ ਹੋਇਐ? ਤੁਹਾਡਾ ਮੂੰਹ ਕਿਵੇਂ ਲਾਲ ਸੂਹਾ ਹੋਇਐ?

ਅਨੂਪ ਚੰਦ : ਚਿਹਰਾ ਰਹਿਣ ਦਿੰਦੇ ਨੇ ਨਾਰਮਲ ਜਿਹੜੇ ਰਸਤੇ ’ਚ ਨਾਕਾ ਲਾ ਕੇ ਬੈਠੇ ਹੁੰਦੇ ਨੇ ਸਾਲੇ ਨਜ਼ਰ ਵੱਟੂ। ਅਵਾਰਾ ਕੁੱਤਿਆਂ ਵਾਲਾ ਸਾਬ੍ਹ ਏ ਇਹਨਾਂ ਦਾ।

ਮੋਨਿਕਾ : ਰਾਹ ਵਿੱਚ ਜਾਂਦੇ ਵਕਤ ਕਿਸੇ ਵੱਲ ਤੱਕੋ ਹੀ ਨਾ। ਕਾਲਜ ਪੜ੍ਹਾਉਂਦੇ ਹੋ, ਭਾਂਤ ਭਾਂਤ ਦੀ ਦੁਨੀਆਂ ਤਾਂ ਟੱਕਰਦੀ ਹੀ ਰਹਿਣੀ ਏ।

ਅਨੂਪ ਚੰਦ : ਤੈਨੂੰ ਪਤੈ ਮੈਂ ਅੱਧਾ ਘੰਟਾ ਸਵੇਰੇ ਪਹਿਲਾਂ ਹੀ ਤਿਆਰ ਹੋ ਕੇ ਬੱਸ ਅੱਡੇ ’ਤੇ ਜਾ ਪਹੁੰਚਦਾਂ। ਉਦੋਂ ਅੱਡੇ ’ਤੇ ਰਸ਼ ਨਹੀਂ ਹੁੰਦਾ। ਬੱਸ ਦਾ ਘੰਟੇ ਸਵਾ ਘੰਟੇ ਦਾ ਸਫ਼ਰ ਚੈਨ ਨਾਲ ਲੰਘ ਜਾਂਦੈ। ਕਾਲਜ ’ਚ ਚਾਰ ਪੀਰੀਅਡ ਪੂਰੀ ਜਾਨ ਮਾਰ ਕੇ ਲਾਈਦੇ ਨੇ। ਵਾਪਸੀ ’ਤੇ ਥੱਕੇ ਟੁੱਟੇ ਬੱਸ ਤੋਂ ਉਤਰ ਕੇ ਘਰ ਵੱਲ ਆਈਏ ਤਾਂ....ਬਾਪੂ ਦੀ ਦੁਕਾਨ ਵਿਚੋਂ

ਬੇਸ਼ਰਮ 'ਵਾਜਾਂ ਸਵਾਗਤ ਕਰਦੀਆਂ ਨੇ ਮੇਰਾ।

ਮੋਨਿਕਾ : ਮੈਂ ਵੀ ਤਾਂ ਡਿਊਟੀ ਜਾਂਦੀ ਹਾਂ ਸਕੂਲ। ਮੈਂ ਨਹੀਂ ਝਾਕਦੀ ਇਧਰ ਓਧਰ। ਨੱਕ ਦੀ ਸੇਧੇ ਸਿੱਧੀ ਘਰ ਪਰਤ ਆਉਂਦੀ ਹਾਂ।

ਅਨੂਪ ਚੰਦ : ਕਿੱਥੇ ਤੇਰੇ ਸਕੂਲ ਦੇ ਨਿਆਣੇ ਨਲੀ ਚੋਚੋ ਤੇ ਕਿੱਥੇ ਸਾਡੇ ਕਾਲਜ ਦੇ ਲੰਗੋਚ। ਬੜੀ ਕਲਾ ਨਾਲ ਕਾਬੂ ਕਰਦੇ ਹਾਂ। ਕਾਲਜ ਤਾਂ ਨਿਕਲ ਈ ਜਾਂਦੈ ਟਾਈਮ.... ਪਰ ਪਿੰਡ ਦੇ ਲੋਕਾਂ ਦੀ ਜ਼ੁਬਾਨ ਪਾਰਾ ਉੱਪਰ ਚਾੜ੍ਹ ਦਿੰਦੀ ਏ। ਇਹੋ ਬਕਣਗੇ-ਉਹ ਜਾਂਦੈ ਕਰਤਾਰੇ ਮੋਚੀ ਦਾ ਮੁੰਡਾ। ਕੋਈ ਨਹੀਂ ਕਹਿੰਦਾ ਮਰਦਾ ਕਿ ਉਹ ਪ੍ਰੋਫੈਸਰ ਅਨੂਪ ਚੰਦ ਜਾ ਰਿਹੈ ਜਿਹੜਾ ਯੂਨੀਵਰਸਿਟੀ ਦਾ ਗੋਲਡ ਮੈਡਲ ਜੇਤੂ ਏ ਤੇ ਜ਼ਿਲ੍ਹੇ ਦੇ ਸਭ ਤੋਂ ਵੱਡੇ ਕਾਲਜ ਵਿਚ ਪੜ੍ਹਾਉਂਦਾ ਏ, ਕਲਾਸ ਵਨ ਗਜ਼ਟਿਡ ਪੋਸਟ ਏ ਉਹਦੀ....ਇਸੇ ਕਰਕੇ ਸਦਾ ਸਦਾ ਲਈ ਇਹ ਇਲਾਕਾ ਛੱਡ ਕੇ ਸ਼ਹਿਰ ਜਾਣ ਦਾ ਪ੍ਰੋਗਰਾਮ ਬਣਾਉਣਾ ਪਿਐ। ਅਗਲੇ ਹਫਤੇ ਇਹ ਕੋਠੀ ਵੀ.....

ਮੋਨਿਕਾ : ਕੋਠੀ ਦਾ ਸੌਦਾ ਕਰ ਲਿਐ?

ਅਨੂਪ ਚੰਦ : ਅਗਲੇ ਸਾਈ ਵੀ ਦੇ ਗਏ ਨੇ। ਅਗਲੇ ਹਫਤੇ ਰਜਿਸਟਰੀ ਹੋਈ ਸਮਝ।

ਮੋਨਿਕਾ : ਆਪਣਾ ਘਰ ਛੱਡਣ ਦੀ ਸੋਚ ਕੇ....ਅਸਰ ਜਿਹਾ ਹੁੰਦੈ ਦਿਲ 'ਤੇ। ਮਨ ਉਖੜਿਆ ਜਿਹਾ ਰਹਿੰਦੈ ਉਸ ਦਿਨ ਦਾ ਜਦ ਤੁਸੀਂ ਸ਼ਹਿਰ ਜਾਣ ਦੀ ਰੱਟ ਲਾਈ।

ਅਨੂਪ ਚੰਦ : ਤੇਰਾ ਦਿਲ ਕਿਉਂ ਨਹੀਂ ਖੁਸ਼ ਸ਼ਹਿਰ ਜਾਣ 'ਤੇ?

ਮੋਨਿਕਾ : ਇਥੇ ਸ਼ਰੀਕੇ 'ਚ ਬੈਠੇ ਹਾਂ। ਦੁੱਖ ਸੁੱਖ ਵੇਲੇ ਆਪਣੇ ਹੀ ਕੰਮ ਆਉਂਦੇ ਨੇ।.... ਮੇਰੇ ਲਈ ਤਾਂ ਇਹੋ ਘਰ ਭਾਗਾਂ ਭਰਿਐ। ਰੱਬ ਨੇ ਦੋ ਜੁਆਕ ਝੋਲੀ ਪਾ ਦਿੱਤੇ-ਬੱਬੂ ਤੇ ਰੇਖਾ।

ਅਨੂਪ ਚੰਦ : ਦੋਹਾਂ ਨੂੰ ਪੜ੍ਹਾਉਣਾ ਨਹੀਂ? ਇੱਥੇ ਕਿਵੇਂ ਪੜ੍ਹਨਗੇ ਡੰਗਰਾਂ ਦੀ ਮੰਡੀ 'ਚ?

ਮੋਨਿਕਾ : ਜਿਹਨੇ ਪੜ੍ਹਨੈ ਇਥੇ ਹੀ ਪੜ੍ਹ ਜਾਣੈਂ।

ਅਨੂਪ ਚੰਦ : ਅੱਜ ਦਾ ਜ਼ਮਾਨਾ ਕੰਪੀਟੀਸ਼ਨ ਦਾ ਏ, ਸ਼ਹਿਰੀ ਸਕੂਲਾਂ ਕਾਲਜਾਂ 'ਚ ਪੜ੍ਹ ਕੇ ਹੀ ਬੰਦਾ ਕੁੱਝ ਬਣਾ ਸਕਦੈ ਕੈਰੀਅਰ।

ਮੋਨਿਕਾ : ਅੜੀ ਦੇ ਤੁਸੀਂ ਵੀ ਪੱਕੇ ਹੋ। ਹਾਂ ਯਾਦ ਆਇਆ, ਕੋਠੀ ਦੀ ਸਾਈ ਵਾਲੀ ਰਕਮ ਕਿੱਥੇ ਹੈ?

ਅਨੂਪ ਚੰਦ : ਸਾਈ ਦੀ ਰਕਮ? ਤੂੰ ਹੁਣ ਮੈਥੋਂ ਸਾਬ੍ਹ ਕਿਤਾਬ ਪੁੱਛਣ ਲੱਗ ਪਈ ਏਂ।

ਮੋਨਿਕਾ : ਸਾਬ੍ਹ ਕਿਤਾਬ ਤਾਂ ਰੱਖਣਾ ਹੀ ਚਾਹੀਦੈ।

ਅਨੂਪ ਚੰਦ : ਤੂੰ ਆਪਣੀ ਲੋੜ ਦੱਸਿਆ ਕਰ, ਅਵੱਸ਼ ਪੂਰੀ ਕਰਾਂਗਾ। ਤੂੰ ਕਦੇ ਸੁਫਨਾ ਲੈ ਸਕਦੀ ਸੀ ਨੌਕਰੀ ਕਰਾਂਗੀ, ਸਕੂਲ ਜਾਵਾਂਗੀ ਤੇ ਕੁਰਸੀ 'ਤੇ ਬੈਠਿਆ ਕਰੇਂਗੀ।



ਮੋਨਿਕਾ : ਉਹ ਤਾਂ ਤੁਹਾਡੇ ਕਰਕੇ ਹੀ, ਤੁਸੀਂ ਕਰਾਈ ਬੀ.ਐੱਡ।

ਅਨੂਪ ਚੰਦ : ਬਸ ਇੰਨਾ ਕੁ ਚੇਤੇ ਰੱਖਿਆ ਕਰ। ਬਾਕੀ ਸ਼ਹਿਰ ਕੋਠੀ ਵੇਖ ਆਇਆਂ। ਮਾਡਲ ਟਾਊਨ ਵਿੱਚ ਏ ਨਵੀਂ ਨਕੋਰ ਕੋਠੀ। ਥੋੜ੍ਹੀ ਰਕਮ ਚੁੱਕਣੀ ਪਵੇਗੀ, ਭਰ ਦਿਆ ਕਰਾਂਗੇ ਕਿਸ਼ਤ। ਪੰਜ ਛੇ ਸਾਲ 'ਚ ਕੋਠੀ ਫਰੀ।

ਮੋਨਿਕਾ : ਹਾਏ ਰੱਬਾ! ਪਤਾ ਨਹੀਂ ਤੂੰ ਕਿੱਥੇ ਦਾ ਦਾਣਾ ਪਾਣੀ ਲਿਖ ਦਿੱਤੈ ਕਿਸਮਤ 'ਚ।
(ਬਾਹਰੋਂ ਘੰਟੀ ਦੀ ਆਵਾਜ਼ ਆਉਂਦੀ ਹੈ)
ਕੌਣ ਹੋਵੇਗਾ ਇਸ ਟਾਈਮ? ਲੋਕ ਗਰਮੀ ਵਿਚ ਵੀ ਨਹੀਂ ਟਿਕਦੇ ਆਪਣੇ ਘਰੇ।

ਅਨੂਪ ਚੰਦ : ਜਾਹ, ਕਹਿ ਦੇ ਪ੍ਰੋਫੈਸਰ ਹੁਰੀਂ ਘਰ ਨਹੀਂ ਹੈਗੇ। ਘੰਟਾ ਦੋ ਘੰਟੇ ਸੌਂਵਾਂਗਾ, ਫਰੈੱਸ਼ ਹੋ ਕੇ ਹੀ ਉਠਾਂਗਾ।
(ਮੋਨਿਕਾ ਜਾਂਦੀ ਹੈ)
ਗੇਟ ਤੋਂ ਹੀ ਵਾਪਸ ਮੁੜ ਜਾਏ ਤਾਂ ਸ਼ੁਕਰ ਕਰਾਂਗਾ। ਪਰ....ਕੋਈ ਢੀਠ ਹੋਇਆ ਤਾਂ ਉਹ ਜ਼ਰੂਰ ਇੱਥੇ ਆ ਕੇ ਮੇਰੇ ਕੰਨ ਖਾਵੇਗਾ ਤੇ ਮੇਰੇ ਦਿਮਾਗ ਨੂੰ ਪੁੱਠੀ ਭੁਆਂਟਣੀ ਦੇਵੇਗਾ।
(ਮੋਨਿਕਾ ਦੇ ਨਾਲ ਗੁਰਨਾਮ ਸਿੰਘ ਅੰਦਰ ਆਉਂਦਾ ਹੈ)

ਗੁਰਨਾਮ : (ਹੱਸਦੇ ਹੋਏ) ਪ੍ਰੋਫੈਸਰ ਸਾਹਿਬ ਨਮਸਕਾਰ। ਭਾਬੀ ਕਹਿ ਰਹੀ ਸੀ ਪ੍ਰੋਫੈਸਰ ਹੁਰੀਂ ਘਰ ਨਹੀਂ ਹੈਗੇ। ਪਰ ਮੈਂ ਤੁਹਾਡੀ 'ਵਾਜ ਸੁਣ ਲਈ ਸੀ।

ਅਨੂਪ ਚੰਦ : ਹਾਂ ਹਾਂ, ਮੈਂ ਘਰ ਨਹੀਂ ਹੈਗਾ।

ਗੁਰਨਾਮ : (ਅਨੂਪ ਚੰਦ ਦੀ ਪਿੱਠ ਥਾਪੜਦਾ ਹੋਇਆ) ਆਹ ਪ੍ਰੋਫੈਸਰ ਹੁਰਾਂ ਦਾ ਭੂਤ ਬੈਠੈ!

ਮੋਨਿਕਾ : ਭੂਤ? ਇਵੇਂ ਨਾ ਕਹੋ ਭਾਅ ਜੀ।

ਗੁਰਨਾਮ : ਭਾਬੀ, ਸਾਡਾ ਹਾਸਾ ਮਜ਼ਾਕ ਇੰਜ ਈ ਚਲਦੈ।
(ਅਨੂਪ ਚੰਦ ਨੂੰ) ਪ੍ਰੋਫੈਸਰ ਸਾਹਿਬ, ਮੇਰੀਆਂ ਗ਼ਜ਼ਲਾਂ ਨੂੰ ਸੋਧਾ ਲਾ ਦਿੱਤੈ?

ਅਨੂਪ ਚੰਦ : ਯਾਰ, ਕਹਿਰ ਦੀ ਗਰਮੀ ਪੈ ਰਹੀ ਏ। ਇੰਨੀ ਤਪਸ਼ ਵਿੱਚ ਗ਼ਜ਼ਲ ਦਾ ਕੀ ਕੰਮ? ਗ਼ਜ਼ਲ ਸਵੇਰ ਜਿਹੀ ਹੁੰਦੀ ਏ ਜਾਂ ਸ਼ਾਮ ਵਰਗੀ।

ਗੁਰਨਾਮ : ਸਵੇਰੇ ਕਰੋ ਭਾਵੇਂ ਸ਼ਾਮਾਂ ਨੂੰ, ਮੈਂ ਕਿਤਾਬ ਛਪਵਾਉਣੀ ਏ ਜਲਦੀ। ਤੁਸੀਂ ਤਾਂ ਗ਼ਜ਼ਲ ਦੇ ਮਾਹਿਰ ਹੋ। ਇੱਕ ਵਾਰ ਤੁਹਾਡੀਆਂ ਨਜ਼ਰਾਂ 'ਚੋਂ ਨਿਕਲ ਜਾਣ ਸਹੀ....ਅੱਜਕਲ੍ਹ ਜਣਾ ਖਣਾ ਗ਼ਜ਼ਲਾਂ 'ਚ ਨੁਕਸ ਕੱਢਣ ਲੱਗ ਪੈਂਦੈ।

ਅਨੂਪ ਚੰਦ : ਯਾਰ, ਇਹ ਕੰਮ ਨੇ ਵਿਹਲ ਦੇ। ਦੋ ਚਾਰ ਦਿਨ ਰੁਕ ਜਾ, ਜ਼ਰਾ ਸਾਹ ਆ ਲੈਣ ਦੇ।

ਮੋਨਿਕਾ : (ਗੁਰਨਾਮ ਸਿੰਘ ਨੂੰ) ਭਾਅ ਜੀ, ਆਹ ਕੰਮ ਕੋਈ ਹੋਰ ਨਹੀਂ ਕਰ

ਸਕਦਾ ਵਿਦਵਾਨ?

ਗੁਰਨਾਮ : ਇਹ ਗੁਰ ਰੱਬ ਨੇ ਪ੍ਰੋਫੈਸਰ ਸਾਹਿਬ ਨੂੰ ਹੀ ਦਿੱਤੈ।

ਮੋਨਿਕਾ : ਅਸੀਂ ਤਾਂ ਤੁਰ ਚੱਲੇ ਆਂ ਸ਼ਹਿਰ, ਫਿਰ ਕਿਹਦੇ ਕੋਲੋਂ ਠੀਕ ਕਰਾਇਆ ਕਰੋਗੇ ਗ਼ਜ਼ਲਾਂ?

ਗੁਰਨਾਮ : (ਤ੍ਰਭਕ ਕੇ) ਸ਼ਹਿਰ? ਮੇਰੀਆਂ ਗ਼ਜ਼ਲਾਂ ਦੀਆਂ ਤਾਂ ਚੂਲਾਂ ਹਿੱਲ ਗਈਆਂ। ਮੇਰੀਆਂ ਲੱਤਾਂ ਕੰਬਦੀਆਂ ਪਈਆਂ ਨੇ। ਮੈਂ ਕਿਤੇ ਕੁਰਸੀ ’ਤੇ ਬੈਠਾ ਥੱਲੇ ਨਾ ਡਿੱਗ ਪਵਾਂ।

ਅਨੂਪ ਚੰਦ : ਗੁਰਨਾਮ, ਪਾਣੀ ਪੀਵੇਂਗਾ ਕਿ ਚਾਹ?

ਗੁਰਨਾਮ : (ਉਤਸੁਕਤਾ ਨਾਲ) ਪੀਵਾਂਗੇ, ਇੱਕ ਮਿੰਟ ਮੈਂ ਲੈ ਕੇ ਆਇਆ।

(ਗੁਰਨਾਮ ਉੱਠ ਕੇ ਬਾਹਰ ਚਲਾ ਜਾਂਦਾ ਹੈ)

ਮੋਨਿਕਾ : ਕੀ ਲੈਣ ਗਿਐ ਗੁਰਨਾਮ?

ਅਨੂਪ ਚੰਦ : ਗ਼ਜ਼ਲ ਹੀ ਲੈ ਕੇ ਆਏਗਾ ਕੋਈ....

(ਗੁਰਨਾਮ ਸਿੰਘ ਆਉਂਦਾ ਹੈ, ਉਹਦੇ ਹੱਥ ਵਿਚ ਵਿਸਕੀ ਦੀ ਬੋਤਲ ਹੈ)

ਮੋਨਿਕਾ : (ਬੋਤਲ ਵੇਖਦੀ ਹੋਈ) ਇਹ ਗ਼ਜ਼ਲ ਏ?

ਗੁਰਨਾਮ : ਸਾਰੀਆਂ ਗ਼ਜ਼ਲਾਂ ਇਹਦੇ ਵਿੱਚੋਂ ਹੀ ਨਿਕਲਦੀਆਂ ਨੇ। ਭਾਬੀ ਦੋ ਗਲਾਸੀਆਂ ਤੇ ਪਾਣੀ ਦਾ ਜੱਗ ਲਿਆਓ ਜ਼ਰਾ। ਬਾਕੀ ਖਾਣ ਪੀਣ ਲਟਰਨ ਪਟਰਨ ਸਭ ਕੁੱਝ ਲੈ ਆਇਆਂ।

ਅਨੂਪ ਚੰਦ : ਪੈੱਗ ਇਸ ਟਾਈਮ?

ਗੁਰਨਾਮ : ਖਾਣ-ਪੀਣ ਦਾ ਵੀ ਕੋਈ ਟਾਈਮ ਹੁੰਦੈ।

ਅਨੂਪ ਚੰਦ : ਫਿਰ ਭੀ ਗਰਮੀ....ਉਹੋ ਅੱਤ ਦੀ ਗਰਮੀ ਏ।

ਗੁਰਨਾਮ : ਯਾਰ ਗਰਮੀ ਨੂੰ ਗਰਮੀ ਕੱਟਦੀ ਏ, ਨਾਲੇ ਕੱਲ੍ਹ ਐਤਵਾਰ ਏ। ਵੀਕ ਐਂਡ ’ਤੇ ਸਭ ਚਲਦੈ ਵਾਧਾ ਘਾਟਾ। ਵੈਸੇ ਭੀ ਆਪਾਂ ਕਿਹੜਾ ਰੋਜ਼ ਪੀਨੇ ਆਂ।

(ਮੋਨਿਕਾ ਪਾਣੀ ਦਾ ਜੱਗ ਅਤੇ ਦੋ ਗਲਾਸੀਆਂ ਰੱਖ ਕੇ ਚਲੀ ਜਾਂਦੀ ਹੈ)

ਅਨੂਪ ਚੰਦ : ਹੁਣ ਤਾਂ ਔਖੇ ਹੋਣਾ ਈ ਪਵੇਗਾ, ਅਜੇ ਚਾਰ ਵੱਜੇ ਨੇ। ਰਾਤ ਤੱਕ ਤਾਂ....

ਗੁਰਨਾਮ : ਇਸ ਬੋਤਲ ਦੀ ਐਸੀ ਦੀ ਤੈਸੀ ਕਰ ਦਿਆਂਗੇ।

(ਗੁਰਨਾਮ ਦੋ ਪੈੱਗ ਬਣਾਉਂਦਾ ਹੈ)

ਚੁੱਕੋ ਚੀਅਰਸ....

ਅਨੂਪ ਚੰਦ : ਚੀਅਰਸ, ਬਾਕੀ ਗ਼ਜ਼ਲਾਂ ਤਾਂ ਕੱਲ੍ਹ ਸਵੇਰ ਈ ਚੀਅਰਸ ਹੋਣਗੀਆਂ।

ਗੁਰਨਾਮ : ਯਾਰ, ਇਹ ਸੱਚੀ ਗੱਲ ਏ ਕਿ ਤੁਸੀਂ ਪਿੰਡ ਛੱਡ ਕੇ ਸ਼ਹਿਰ ਚਲੇ ਜਾਣੈਂ?

ਅਨੂਪ ਚੰਦ : ਸੌ ਪਰਸੈਂਟ। ਮਸਾਂ ਦਸ ਕੁ ਦਿਨ ਤੇਰੇ ਕੋਲ ਹਾਂ।

ਗੁਰਨਾਮ : ਕਿੰਨਾ ਵੱਡਾ ਪਿੰਡ ਏ ਸਾਡਾ। ਇਹ ਪਿੰਡਾਂ ਦਾ ਪਿੰਡ ਤੇ ਸ਼ਹਿਰਾਂ ਦਾ



ਸ਼ਹਿਰ ਏ। ਵੀਹ ਨਿੱਕੇ ਛੋਟੇ ਪਿੰਡ ਪੈਂਦੇ ਨੇ ਸਾਡੇ ਪਿੰਡ ਨੂੰ। ਲਾਗਲੇ ਪਿੰਡਾਂ ਵਾਲਿਆਂ ਨੂੰ ਕੋਈ ਕੰਮ ਬੇਸ਼ੱਕ ਨਾ ਹੋਵੇ ਤਾਂ ਵੀ ਸ਼ਾਮਾਂ ਨੂੰ ਗੇੜੀ ਲਾਉਣ ਉਹਨਾਂ ਆਉਣਾ ਈ ਆਉਣਾ ਹੁੰਦੈ।

ਅਨੂਪ ਚੰਦ : ਬਥੇਰਾ ਚਿਰ ਰਹਿ ਲਿਐ ਇੱਥੇ। ਬੱਤੀ ਸਾਲ ਹੋ ਗਏ ਇਹਨਾਂ ਗਲੀਆਂ ਦੇ ਗੇੜੇ ਲਾਉਂਦੇ।

ਗੁਰਨਾਮ : ਪਰ ਸ਼ਹਿਰ ਜਾਣ ਦੀ ਲੋੜ ਕੀ ਪੈ ਗਈ?

ਅਨੂਪ ਚੰਦ : ਜਿੰਨੇ ਸਾਹਿਤਕਾਰ ਤੇ ਆਲੋਚਕ ਨੇ, ਸਾਰੇ ਸ਼ਹਿਰਾਂ ’ਚ ਬੈਠੇ ਨੇ। ਅਖ਼ਬਾਰਾਂ ਸਾਰੀਆਂ ਉੱਥੇ ਛਪਦੀਆਂ ਨੇ।

ਗੁਰਨਾਮ : ਤੁਹਾਡੀਆਂ ਲਿਖਤਾਂ ਤਾਂ ਛਪਦੀਆਂ ਹੀ ਰਹਿੰਦੀਆਂ ਨੇ ਅਖ਼ਬਾਰਾਂ ’ਚ।

ਅਨੂਪ ਚੰਦ : ਲਿਖਤਾਂ ਛਪਣ ਦੀ ਗੱਲ ਨਹੀਂ। ਸਾਹਿਤਕ ਸਮਾਗਮ ਤਾਂ ਹੁੰਦੇ ਈ ਸ਼ਹਿਰਾਂ ਵਿੱਚ ਨੇ। ਕਿਸੇ ਦੀ ਕਿਤਾਬ ਦੀ ਘੁੰਡ ਚੁਕਾਈ ਹੋਵੇ ਤਾਂ ਸ਼ਹਿਰ ਵਿੱਚ। ਕਿਸੇ ਕਿਤਾਬ ’ਤੇ ਗੋਸ਼ਟੀ ਹੋਵੇ, ਉਹ ਵੀ ਸ਼ਹਿਰ ਵਿੱਚ। ਤੈਨੂੰ ਪਤੈ ਇਨ੍ਹਾਂ ਸਮਾਗਮਾਂ ਵਿੱਚ ਜਿਹੜੇ ਪੰਜ ਛੇ ਜਣੇ ਸਟੇਜ ’ਤੇ ਬਿਰਾਜਮਾਨ ਹੁੰਦੇ ਨੇ ਨਜ਼ਰ ਵੱਟੂ ਜਿਹੇ...

ਗੁਰਨਾਮ : ਪ੍ਰਧਾਨਗੀ ਮੰਡਲ?

ਅਨੂਪ ਚੰਦ : ਜੁੰਡਲੀ, ਜਿਹਨਾਂ ਨੂੰ ਰੱਬ ਨਹੀਂ ਯਾਦ ਹੁੰਦਾ।

ਗੁਰਨਾਮ : ਮੈਂ ਸੁਣਿਐ ਉਹ ਲੋਕ ਤਾਂ ਵਾਲ ਦੀ ਖੱਲ ਲਾਹੁਣ ਵਾਲੇ ਹੁੰਦੇ ਨੇ।

ਅਨੂਪ ਚੰਦ : ਬਹੁਤੇ ਤਾਂ ਗੰਗੂ ਭਾਂਗੂ ਵੀ ਹੁੰਦੇ ਨੇ ਮੇਰੇ ਵਰਗੇ।

ਗੁਰਨਾਮ : ਨਾ ਨਾ ਪ੍ਰੋਫੈਸਰ ਸਾਹਿਬ, ਤੁਹਾਡੇ ਮੁਕਾਬਲੇ ਕੀ ਨੇ ਉਹ। ਤੁਹਾਡੀ ਤਾਂ ਇੱਕ ਇੱਕ ਗੱਲ ਵਿਚਾਰਨ ਵਾਲੀ ਹੁੰਦੀ ਏ।

ਅਨੂਪ ਚੰਦ : ਤਾਂ ਹੀ ਤਾਂ ਸ਼ਹਿਰ ਵੱਲ ਚਾਲੇ ਪਾ ਰਹੇ ਹਾਂ। ਅੱਜ ਦਾ ਯੁੱਗ ਪੂਰੀ ਤਰ੍ਹਾਂ ਮੀਡੀਏ ਦਾ ਯੁੱਗ ਏ। ਟੀਵੀ ਸਟੇਸ਼ਨ ਤੇ ਹੋਰ ਚੈਨਲਾਂ ਵਾਲੇ ਸਭ ਸ਼ਹਿਰ ਮੱਲ ਕੇ ਬੈਠੇ ਨੇ। ਹਫ਼ਤੇ ’ਚ ਦੋ ਵਾਰ ਕਿਸੇ ਨਾਲ ਸਿਟਿੰਗ ਕਰੋ, ਫਿਰ ਸਕਰੀਨ ’ਤੇ ਜਾਓ। ਚੰਗੇ ਲਿਖਾਰੀ ਨੂੰ ਤਾਂ ਪਿੰਡ ਵਿੱਚ ਰਹਿਣਾ ਹੀ ਨਹੀਂ ਚਾਹੀਦਾ।

ਗੁਰਨਾਮ : ਫਿਰ ਪਿੰਡ ਜਾਂ ਕਸਬੇ ਖਾਲੀ ਕਰ ਦੇਣੇ ਚਾਹੀਦੇ ਨੇ ਲਿਖਾਰੀਆਂ ਨੂੰ?

ਅਨੂਪ ਚੰਦ : ਬਿਲਕੁਲ, ਪਿੰਡਾਂ ਵਿੱਚ ਤਾਂ ਲਿਖਾਰੀ ਭਿਖਾਰੀ ਬਣ ਕੇ ਰਹਿ ਜਾਂਦੈ।

ਗੁਰਨਾਮ : (ਸੋਚਦਾ ਹੋਇਆ) ਹਾਂ ਯਾਰ, ਗੱਲ ਹੈ ਠੀਕ। ਮੇਰੀਆਂ ਦੋ ਕਿਤਾਬਾਂ ਛਪੀਆਂ ਨੇ। ਸ਼ਹਿਰ ’ਚ ਮੈਨੂੰ ਕੋਈ ਲਿਖਾਰੀ ਮੰਨਦਾ ਹੀ ਨਹੀਂ। ਕਿਸੇ ਸਾਹਿਤਕ ਭਵਨ ਚਲੇ ਜਾਓ, ਗੁਆਚੀ ਗਾਂ ਵਾਲਾ ਸਾਬ੍ਹ ਹੁੰਦੈ ਆਪਣਾ।

ਅਨੂਪ ਚੰਦ : ਤੇ ਜਿਹੜੇ ਇਹਨਾਂ ਸਾਹਿਤਕ ਭਵਨਾਂ ਦੇ ਚੌਧਰੀ ਬਣੀ ਬੈਠੇ ਨੇ, ਕੀ ਆਉਂਦਾ ਏ ਉਹਨਾਂ ਨੂੰ। ਇੱਲ ਦਾ ਨਾਂ ਕੋਕੋ ਨਹੀਂ ਜਾਣਦੇ।

ਗੁਰਨਾਮ : (ਗੱਲ ਬਦਲਦਾ ਹੋਇਆ) ਪ੍ਰੋਫੈਸਰ ਸਾਹਿਬ, ਬਾਪੂ ਨੂੰ ਪਤੈ ਤੁਹਾਡੇ ਸ਼ਹਿਰ ਜਾਣ ਦਾ?

ਅਨੂਪ ਚੰਦ : ਬਸ ਪਤਾ ਲਗਦੇ ਸਾਰ ਹੀ ਉਹਨੇ ਪ੍ਰਗਟ ਹੋ ਜਾਣੈਂ। ਨਾ ਹੀ ਪਤਾ ਲੱਗੇ ਅਜੇ ਉਹਨੂੰ। ਸਾਰਾ ਦਿਨ ਆਪਣੇ ਚੌਧਰੀਆਂ ਮਗਰ ਪੂਛ ਹਿਲਾਉਂਦਾ ਫਿਰਦੈ।

ਗੁਰਨਾਮ : ਪਰ ਕੰਮ ਭੀ ਤਾਂ ਚੌਧਰੀਆਂ ਤੋਂ ਲੈ ਹੀ ਗਿਆ। ਚੌਧਰੀਆਂ ਨੇ ਹੀ ਉਹਨੂੰ ਮੰਤਰੀ ਨਾਲ ਮਿਲਾਇਆ। ਦੋ ਭਰਾ ਤੁਹਾਡੇ ਬੈਂਕ 'ਚ ਲਵਾਤੇ ਉਸ ਮੰਤਰੀ ਨੇ।

ਅਨੂਪ ਚੰਦ : ਦਿਨ ਰਾਤ ਢੋਲੇ ਵੀ ਤਾਂ ਉਸ ਮੰਤਰੀ ਦੇ ਗਾਉਂਦੈ ਦੁਕਾਨ 'ਤੇ ਬੈਠਾ ਬੈਠਾ। ਸ਼ਾਮਾਂ ਨੂੰ ਘੁੱਟ ਪੀ ਕੇ ਸ਼ਰਾਬ ਲਲਕਾਰੇ ਮਾਰਦੈ।

(ਕਰਤਾਰ ਚੰਦ ਆਉਂਦਾ ਹੈ, ਜਿਸ ਨੇ ਅਨੂਪ ਚੰਦ ਦੇ ਕਹੇ ਬੋਲ ਸੁਣ ਲਏ ਹਨ)

ਕਰਤਾਰ ਚੰਦ : (ਗੁੱਸੇ ਵਿੱਚ) ਤੂੰ ਸ਼ਹਿਰ ਜਾ ਕੇ ਮਾਰੀਂ ਲਲਕਾਰੇ!

ਅਨੂਪ ਚੰਦ : ਕਿਹੜੇ ਲਲਕਾਰੇ?

ਕਰਤਾਰ ਚੰਦ : ਜਿਹੜੇ ਤੂੰ ਇਥੇ ਮਾਰ ਨਹੀਂ ਸਕਦਾ....ਹੁਣ ਮੂੰਹ ਚੁੱਕ ਲਿਐ ਸ਼ਹਿਰ ਵੱਲ।

ਅਨੂਪ ਚੰਦ : ਹੋਸ਼ ਵਿੱਚ ਹੈਂ ਤੂੰ ਬਾਪੂ?

ਕਰਤਾਰ ਚੰਦ : ਸ਼ਰਾਬ ਤੂੰ ਪੀਂਦਾ ਪਿਆ ਏਂ ਤੇ ਹੋਸ਼ 'ਚ ਮੈਂ ਨਹੀਂ। ਬੜੀ ਅਕਲ ਦੀ ਗੱਲ ਕੀਤੀ ਤੂੰ।

ਅਨੂਪ ਚੰਦ : ਕਰਨ ਕੀ ਆਇਐਂ ਐਸ ਟਾਈਮ?

ਕਰਤਾਰ ਚੰਦ : ਤੈਨੂੰ ਆਹ ਵੀ ਦੱਸਾਂ ਕੀ ਕਰਨ ਆਇਆਂ।

ਅਨੂਪ ਚੰਦ : ਪਰ....ਗੱਲ ਅਕਲ ਦੀ ਕਰੀਂ।

ਕਰਤਾਰ ਚੰਦ : ਹੁਣ ਸਾਨੂੰ ਅਕਲ ਤੇਰੇ ਤੋਂ ਸਿੱਖਣੀ ਪਵੇਗੀ?

ਅਨੂਪ ਚੰਦ : ਉਹ ਤਾਂ ਤੇਰੇ ਯਾਰਾਂ ਬੇਲੀਆਂ ਤੋਂ ਬਥੇਰੀ ਮਿਲ ਜਾਂਦੀ ਏ ਜਿਹਨਾਂ ਦੀਆਂ ਪਿਆਲੀਆਂ ਧੋਂਦਾ ਏਂ।

ਕਰਤਾਰ ਚੰਦ : ਪਿਆਲੀਆਂ ਮੈਂ ਧੋਂਦਾ ਵਾਂ, ਤੈਥੋਂ ਤਾਂ ਨਹੀਂ ਧੁਆਉਂਦਾ। (ਗੱਲ ਬਦਲਦਾ ਹੋਇਆ) ਇੱਥੇ ਤੈਨੂੰ ਤਕਲੀਫ਼ ਕੀ ਏ ਜਿਹੜਾ ਪਿੰਡ ਛੱਡਣ ਲੱਗੈਂ?

ਅਨੂਪ ਚੰਦ : ਪਰ ਤੈਨੂੰ ਕੀ ਇਤਰਾਜ਼ ਏ ਸਾਡੇ ਸ਼ਹਿਰ ਜਾਣ 'ਤੇ?

ਕਰਤਾਰ ਚੰਦ : ਇਤਰਾਜ਼ ਨਹੀਂ? ਸਾਰੀ ਉਮਰ ਤੁਹਾਡੀ ਖਾਤਿਰ ਇੱਕ ਹੱਥ 'ਚ ਜੁੱਤੀ ਫੜੀ ਹੁੰਦੀ ਕਿਸੇ ਦੀ ਤੇ ਦੂਸਰੇ ਹੱਥ ਬੁਰਸ਼। ਤੁਹਾਨੂੰ ਪੰਜਾਂ ਭਰਾਵਾਂ ਨੂੰ ਪੜ੍ਹਾਇਆ। ਜੇ ਹੁਣ ਪ੍ਰੋਫੈਸਰ ਬਣ ਗਿਐਂ ਤਾਂ ਦੌੜ ਚੱਲਿਐਂ ਸ਼ਹਿਰ। ਤੈਥੋਂ ਤਨਖਾਹ ਤਾਂ ਨਹੀਂ ਮੰਗਦਾ? ਕਿਹੜਾ ਪਿਓ ਜਰ ਸਕਦੈ ਕਿ ਔਲਾਦ ਅੱਖਾਂ ਤੋਂ ਓਹਲੇ ਰਵ੍ਹੇ।

ਅਨੂਪ ਚੰਦ : ਤੁਸੀਂ ਪੜ੍ਹਨੇ ਪਾਇਆ ਪਰ ਪੜ੍ਹਿਆ ਤਾਂ ਮੈਂ ਆਪ ਹੀ। ਅਸੀਂ ਆਪਣੇ ਨਿਆਣੇ ਨਾ ਪੜ੍ਹਾਈਏ ਸ਼ਹਿਰ?

ਕਰਤਾਰ ਚੰਦ : ਕਿਉਂ ਇਥੇ ਸਕੂਲ ਬੰਦ ਹੋ ਗਏ?



ਅਨੂਪ ਚੰਦ : ਮਾਡਲ ਸਕੂਲ ਇੱਥੇ ਹੈ ਨਹੀਂ। ਤੁਸੀਂ ਆਪਣੀ ਮੌਜ ਕਰੋ, ਸਾਨੂੰ ਆਪਣੀ ਜ਼ਿੰਦਗੀ ਜੀਣ ਦਿਓ।

ਕਰਤਾਰ ਚੰਦ : (ਭਾਵੁਕ ਹੁੰਦਾ ਹੋਇਆ) ਕਦੇ ਸੋਚਿਆ ਨਹੀਂ ਸੀ ਇਹ ਦਿਨ ਵੇਖਣਾ ਪਵੇਗਾ। ਤੈਨੂੰ ਪੜ੍ਹਨੇ ਪਾਉਣ ਨਾਲੋਂ ਦੁਕਾਨ 'ਤੇ ਰੱਖਦਾ ਤਾਂ.....

(ਅੱਖਾਂ 'ਚ ਹੰਝੂ ਆ ਜਾਂਦੇ ਹਨ)

ਗੁਰਨਾਮ : ਬਾਪੂ, ਆ ਪੈੱਗ ਲਾ ਲੈ।

ਕਰਤਾਰ ਚੰਦ : ਥੁੱਕਣਾਂ ਇਵੇਂ ਦੇ ਪੈੱਗ 'ਤੇ।

ਅਨੂਪ ਚੰਦ : ਬਾਪੂ ਨੂੰ ਆਪਣੀ ਲੰਡਰ ਢਾਣੀ ਦੇ ਪੈੱਗ ਹੀ ਪਚਦੇ ਨੇ।

ਕਰਤਾਰ ਚੰਦ : ਖਬਰਦਾਰ, ਜੇ ਉਹਨਾਂ ਨੂੰ ਲੰਡਰ ਢਾਣੀ ਕਿਹਾ। ਜੇ ਸਾਡਾ ਹਾਸੇ ਮਖੌਲ ਨਾਲ ਟੈਮ ਪਾਸ ਹੋ ਜਾਂਦੈ ਤਾਂ ਤੇਰੇ ਢਿੱਡ 'ਚ ਪੀੜਾਂ ਉੱਠਦੀਆਂ ਹੋਣੀਆਂ ਨੇ।

ਅਨੂਪ ਚੰਦ : ਤੇਰੇ ਯਾਰ ਸਭ ਦੱਲੇ ਨੇ ਦੱਲੇ।

ਕਰਤਾਰ ਚੰਦ : ਕੱਲ੍ਹ ਨੂੰ ਜਦ ਤੇਰੇ ਮੁੰਡੇ ਨੇ ਤੈਨੂੰ ਇਵੇਂ ਬੋਲ ਕੁਬੋਲ ਕਹੇ ਤਾਂ ਫਿਰ ਕਰਤਾਰ ਚੰਦ ਯਾਦ ਆਊ ਕਰਤਾਰ ਚੰਦ।

(ਚਲਾ ਜਾਂਦਾ ਹੈ, ਨਾਲ ਹੀ ਹਨ੍ਹੇਰਾ ਪੈ ਜਾਂਦਾ ਹੈ)

## ਦ੍ਰਿਸ਼ ਦੂਜਾ

ਸਥਾਨ : ਸ਼ਹਿਰ ਵਿੱਚ ਪ੍ਰੋ. ਅਨੂਪ ਚੰਦ ਦੀ ਕੋਠੀ ਦੀ ਲੌਬੀ।

(ਚਾਰ ਪੰਜ ਕੁਰਸੀਆਂ ਅਤੇ ਇੱਕ ਮੇਜ਼ ਵਿਖਾਈ ਦਿੰਦਾ ਹੈ। ਮੇਜ਼ 'ਤੇ ਕੁੱਝ ਅਖ਼ਬਾਰਾਂ ਪਈਆਂ ਹਨ। ਮੋਨਿਕਾ ਅਤੇ ਬੱਬੂ ਗੱਲਾਂ ਕਰ ਰਹੇ ਹਨ)

ਬੱਬੂ : ਡੈਡੀ ਅਜੇ ਆਇਆ ਨਹੀਂ, ਰਾਤ ਪੈਣ ਵਾਲੀ ਏ।

ਮੋਨਿਕਾ : ਅੱਜ ਕੀ ਕੋਈ ਖਾਸ ਗੱਲ ਜਾਪਦੀ ਏ, ਬੜਾ ਡੈਡੀ ਨੂੰ ਯਾਦ ਕਰ ਰਿਹੈਂ?

ਬੱਬੂ : ਡੈਡੀ ਨੇ ਪਰੌਮਿਸ ਕੀਤਾ ਸੀ ਕਿ ਜਿਸ ਦਿਨ ਬੀ.ਏ. ਦੇ ਪੇਪਰ ਖਤਮ ਹੋ ਗਏ, ਨਵਾਂ ਸੋਨੀ ਟੀਵੀ ਖਰੀਦ ਕੇ ਘਰ ਲਿਆਵਾਂਗੇ ਤੇ ਆਹ ਵੱਡਾ ਸਾਰਾ ਡੱਬਾ ਬਾਹਰ ਸੁੱਟਾਂਗੇ ਕਬਾੜ 'ਤੇ।

ਮੋਨਿਕਾ : ਤੇਰੇ ਡੈਡੀ ਭੁੱਲ ਗਏ ਹੋਣੇ ਨੇ।

ਬੱਬੂ : ਯਾਰਾਂ 'ਚ ਪੈੱਗ ਉਡਾਉਣੇ ਯਾਦ ਰਹਿ ਜਾਂਦੇ ਨੇ ਉਹਨੂੰ।

ਮੋਨਿਕਾ : ਤੂੰ ਵੀ ਕੱਲ੍ਹ ਪੀ ਕੇ ਆ ਗਿਆ ਸੀ।

ਬੱਬੂ : ਪਿਓ ਪੀਵੇਗਾ ਤਾਂ ਨਿਆਣੇ ਘੱਟ ਕਰਨਗੇ।

ਮੋਨਿਕਾ : ਆਹੋ ਪਿਓ ਖੂਹ 'ਚ ਛਾਲ ਮਾਰੇਗਾ ਤਾਂ ਪਿੱਛੇ ਤੂੰ ਵੀ ਮਾਰ ਦੇਵੀਂ।

ਬੱਬੂ : ਆਹ ਖੂਹ ਕੀ ਹੁੰਦੈ?

ਮੋਨਿਕਾ : ਤੂੰ ਕੀ ਜਾਣੇਂ ਖੂਹ ਬਾਰੇ। ਸ਼ਹਿਰੀਏ ਕੀ ਜਾਣਨ ਖੂਹ ਕੀ ਹੁੰਦੈ। ਪਿੰਡਾਂ ਵਿੱਚ ਕਦੇ ਹੁੰਦੇ ਸੀ ਖੂਹ। ਪਾਣੀ ਭਰਨ ਜਾਣਾਂ ਸਹੇਲੀਆਂ ਨਾਲ। ਖੂਹ

ਦੀਆਂ ਟਿੰਡਾਂ ਨੇ ਪਾਣੀ ਸੁੱਟਣਾ ਪਾੜਛੇ ਵਿੱਚ। ਕੁੜੀਆਂ ਨੇ ਇੱਕ ਦੂਜੇ 'ਤੇ ਖੂਬ ਛਿੱਟੇ ਮਾਰਨੇ। ਅੰਮ੍ਰਿਤ ਵਰਗਾ ਠੰਡਾ ਪਾਣੀ ਸੀ ਖੂਹਾਂ ਦਾ....ਇਧਰ ਸ਼ਹਿਰਾਂ ਦੀਆਂ ਟੂਟੀਆਂ ਦਾ ਪਾਣੀ....ਲੰਘਦਾ ਨਹੀਂ ਅੰਦਰ।

ਬੱਬੂ : ਮੈਂ ਸੋਨੀ ਟੀਵੀ ਦਾ ਸੋਚ ਰਿਹਾਂ ਤੇ ਤੂੰ ਖੂਹ 'ਚ ਚਲੀ ਗਈ ਏਂ ਮੰਮੀ। ਜੇ ਪਿੰਡ ਬਹੁਤ ਨਾਈਸ ਲੱਗਦਾ ਸੀ ਤਾਂ ਪਰਮਾਨੈਂਟਲੀ ਰਹਿਣਾ ਸੀ ਉਥੇ, ਜਿੱਥੇ ਰਹਿੰਦੇ ਨੇ ਡਫ਼ਰ ਲੋਕ।

ਮੋਨਿਕਾ : ਨਾ ਨਾ ਉਹ ਡਫ਼ਰ ਨਹੀਂ, ਦਿਲ ਦੇ ਦੇਵਤੇ ਨੇ ਦੇਵਤੇ। ਦੁੱਖ ਸੁੱਖ ਵਿੱਚ ਇੱਕ ਦੂਜੇ ਦੀ ਬਾਂਹ ਫੜਦੇ ਨੇ।

(ਫੋਨ ਦੀ ਘੰਟੀ ਦੀ ਆਵਾਜ਼)

ਬੱਬੂ : ਫੋਨ ਡੈਡੀ ਨੇ ਕੀਤਾ ਹੋਵੇਗਾ। ਸ਼ਾਇਦ ਸੋਨੀ ਟੀਵੀ ਲੈ ਕੇ...

(ਮੋਨਿਕਾ ਫੋਨ ਸੁਣਦੀ ਹੈ)

ਮੋਨਿਕਾ : ਹੈਲੋ ਕੌਣ?

ਫੋਨ 'ਤੇ ਆਵਾਜ਼ : ਭਾਬੀ, ਪਿੰਡੋਂ ਬੋਲ ਰਿਹਾਂ ਗੁਰਨਾਮ।

ਮੋਨਿਕਾ : ਸਭ ਠੀਕ ਏ ਨਾ?

ਗੁਰਨਾਮ ਦੀ ਆਵਾਜ਼ : ਖ਼ਬਰ ਤਾਂ ਮਾੜੀ ਏ....ਬਾਪੂ ਕਰਤਾਰ ਚੰਦ ਪੂਰੇ ਹੋ ਗਏ ਭਾਬੀ। ਪ੍ਰੋਫੈਸਰ ਸਾਹਿਬ ਨਾਲ ਗੱਲ ਕਰਾਇਓ।

ਮੋਨਿਕਾ : ਉਹ ਤਾਂ ਘਰੋਂ ਬਾਹਰ ਨੇ, ਆਉਣਗੇ ਤਾਂ ਦੱਸ ਦਿਆਂਗੀ।

ਗੁਰਨਾਮ ਦੀ ਆਵਾਜ਼ : ਸਵੇਰੇ ਦਸ ਵਜੇ ਦਾ ਸਸਕਾਰ ਹੋਣੈਂ।

ਮੋਨਿਕਾ : ਅਸੀਂ ਅੱਜ ਹੀ ਆ ਜਾਂਦੇ ਹਾਂ ਆਪਣੀ ਕਾਰ 'ਤੇ, ਓ.ਕੇ.।

(ਮੋਨਿਕਾ ਉਦਾਸ ਹੋ ਜਾਂਦੀ ਹੈ)

ਬੱਬੂ : ਕੀ ਹੋਇਆ ਮੰਮੀ?

ਮੋਨਿਕਾ : ਤੇਰੇ ਦਾਦਾ ਜੀ ਦੀ ਡੈੱਥ ਹੋ ਗਈ....ਸਾਰੀ ਉਮਰ ਕਿਰਤ ਕਰਦਾ ਰਿਹਾ। ਨਿਆਣੇ ਪੜ੍ਹਾਏ, ਘਰ ਚਲਾਇਆ.... ਜਦ ਵੇਖਣ ਦਾ ਟਾਈਮ ਆਇਆ ਤਾਂ ਉੱਤੋਂ ਬੁਲਾਵਾ...

ਬੱਬੂ : ਕਿੰਨੀ ਏਜ਼ ਸੀ ਉਹਨਾਂ ਦੀ?

ਮੋਨਿਕਾ : ਉਮਰ ਤਾਂ ਠੀਕ ਹੀ ਸੀ....ਫਿਰ ਵੀ ਮਾਂ ਪਿਓ ਦੀ ਛਾਂ ਕਿੱਥੇ ਲੱਭਦੀ ਏ। ਤੇਰੇ ਡੈਡੀ ਜਲਦੀ ਆ ਜਾਣ, ਕਾਰ 'ਤੇ ਪਿੰਡ ਪਹੁੰਚ ਜਾਈਏ ਅੱਜ ਹੀ।

ਬੱਬੂ : ਪਿੰਡ ਜਾਈਏ? ਇਧਰ ਮੇਰਾ ਸੋਨੀ ਟੀਵੀ....

ਮੋਨਿਕਾ : ਆ ਜਾਏਗਾ ਤੇਰਾ ਸੋਨੀ ਟੀਵੀ ਵੀ। ਉਪਰ ਤੇਰੇ ਦਾਦਾ ਜੀ ਦੀ ਮੌਤ ਹੋ ਗਈ ਤੇ ਡੈਡੀ ਤੇਰੇ....

ਬੱਬੂ : ਉਹ ਤਾਂ ਟੱਲੀ ਹੋ ਕੇ ਘਰ ਪਹੁੰਚੇਗਾ। ਡੈਡੀ ਨੇ ਕਦੇ ਦਾਦੇ ਦਾ ਨਾਂ ਨਹੀਂ ਲਿਆ। ਉਹਦਾ ਤਾਂ ਫਾਦਰ ਸੀ। ਮੰਮੀ, ਤੂੰ ਦਾਦੇ ਦੀ ਬੜੀ ਫੈਨ ਸੀ।



ਮੋਨਿਕਾ : ਨਾ ਬੋਲ, ਮਨ ਖਰਾਬ ਹੋ ਗਿਐ। ਪਿਛਲੇ ਬਾਰ੍ਹਾਂ ਸਾਲ ਇੱਥੇ ਕਿਵੇਂ ਕੱਢੇ ਮੈਂ। ਸ਼ਹਿਰ ਤਾਂ ਮੇਰੇ ਲਈ ਕਹਿਰ ਹੋ ਗਿਐ। ਘੋੜੇ ਵਰਗੀ ਸਿਹਤ ਸੀ ਮੇਰੀ। ਇੱਥੇ ਦਵਾਈਆਂ ਪੱਲੇ ਪੈ ਗਈਆਂ ਬੀ.ਪੀ., ਸ਼ੂਗਰ ਦੀਆਂ। ਮਰ ਚੱਲੇ ਹਾਂ ਸਪਰੇਟਾ ਦੁੱਧ ਪੀ ਪੀ ਕੇ।

(ਬਾਹਰੋਂ ਅਨੂਪ ਚੰਦ ਦੀ ਆਵਾਜ਼ ਆਉਂਦੀ ਹੈ)

ਅਨੂਪ ਚੰਦ ਦੀ ਆਵਾਜ਼ : ਬੱਬੂ ਦਿਆ ਪੁੱਤਰਾ! ਵੇਖ ਕੀ ਲੈ ਕੇ ਆਇਆਂ ਤੇਰੇ ਲਈ ਰਿਕਸ਼ੇ 'ਤੇ ਲੱਦ ਕੇ।

ਬੱਬੂ : (ਉਤਸੁਕਤਾ ਨਾਲ) ਸੋਨੀ ਟੀਵੀ?

(ਅਨੂਪ ਚੰਦ ਅੰਦਰ ਆਉਂਦਾ ਹੈ)

ਅਨੂਪ ਚੰਦ : ਸੈੱਟ ਕਰਵਾ ਲੈ ਬੱਬੂ ਆਪਣੇ ਕਮਰੇ 'ਚ।

ਬੱਬੂ : ਓ.ਕੇ. ਡੈਡ।

ਮੋਨਿਕਾ : ਸ਼ਰਾਬ ਘੱਟ ਪੀਣੀ ਸੀ। ਪਾਣੀ ਦਿਆਂ?

ਅਨੂਪ ਚੰਦ : ਬਈ ਬੱਬੂ, ਅੱਜ ਤਾਂ ਤੇਰੇ ਵੱਲ ਪਾਰਟੀ ਬਣ ਗਈ।

ਬੱਬੂ : ਕੱਢੋ ਨੋਟ, ਵਿਸਕੀ ਲੈ ਕੇ ਆਉਂਦਾਂ ਗੋਲਡਨ ਨੰਬਰ ਵਨ।

ਅਨੂਪ ਚੰਦ : (ਕੁੱਝ ਰੁਪਏ ਬੱਬੂ ਨੂੰ ਦਿੰਦਾ ਹੋਇਆ) ਅੱਜ ਦਾ ਦਿਨ ਤਾਂ ਬੱਬੂ ਦਾ ਦਿਨ ਏ। ਖੁਸ਼ ਏਂ ਨਾ? ਇੱਕ ਪੈੱਗ ਤੂੰ ਵੀ ਲਾ ਲਵੀਂ।

ਮੋਨਿਕਾ : ਤੁਹਾਨੂੰ ਪੈੱਗਾਂ ਦੀ ਪਈ ਏ। ਕਾਰ ਕੱਢੋ, ਪਿੰਡ ਜਾਣੈਂ।

ਅਨੂਪ ਚੰਦ : (ਹੈਰਾਨੀ ਵਿੱਚ) ਪਿੰਡ? ਪਿੰਡ ਵਿਆਹ ਰੱਖਿਐ ਕਿਸੇ ਨੇ।

ਮੋਨਿਕਾ : (ਰੋਣ ਹਾਕੀ ਹੁੰਦੀ ਹੋਈ) ਬਾਪੂ ਦੀ ਡੈੱਥ ਹੋ ਗਈ, ਫੋਨ ਆਇਐ ਪਿੰਡੋਂ ਗੁਰਨਾਮ ਤੁਹਾਡੇ ਦੋਸਤ ਦਾ।

ਅਨੂਪ ਚੰਦ : ਬੈਡ ਨਿਊਜ਼। ਮੈਂ ਅੱਖਾਂ 'ਤੇ ਛਿੱਟੇ ਮਾਰ ਲਵਾਂ।

(ਬਾਥਰੂਮ ਵੱਲ ਜਾਂਦਾ ਹੋਇਆ) ਮੈਂ ਆਇਆ ਇੱਕ ਮਿੱਟ ਬਾਅਦ।

ਮੋਨਿਕਾ : ਬੱਬੂ, ਬਾਹਰ ਨਾ ਜਾਈਂ।

ਬੱਬੂ : ਕਿਉਂ ਨਾ ਜਾਵਾਂ।

(ਅਨੂਪ ਚੰਦ ਅੱਖਾਂ 'ਤੇ ਛਿੱਟੇ ਮਾਰ ਕੇ ਆਉਂਦਾ ਹੈ)

ਅਨੂਪ ਚੰਦ : (ਆਪਣੇ ਆਪ ਨੂੰ) ਕਿੰਨੀ ਕੀ ਉਮਰ ਹੋਵੇਗੀ ਬਜ਼ੁਰਗਾਂ ਦੀ। ਮੇਰੇ ਸ੍ਰਾਬ ਨਾਲ ਅੱਸੀਆਂ ਦੇ ਨੇੜੇ ਪਹੁੰਚ ਗਿਆ ਸੀ।

(ਬੱਬੂ ਬਾਹਰ ਚਲਾ ਜਾਂਦਾ ਹੈ)

ਮੋਨਿਕਾ : ਸਾਨੂੰ ਹੁਣੇ ਕਾਰ 'ਤੇ ਪਿੰਡ ਜਾਣਾ ਚਾਹੀਦੈ।

ਅਨੂਪ ਚੰਦ : ਸਸਕਾਰ ਕਦੋਂ ਹੋਣੈਂ?

ਮੋਨਿਕਾ : ਸਵੇਰੇ ਦਸ ਵਜੇ। ਪਰ ਸਾਨੂੰ ਤਾਂ ਅੱਜ ਪਹੁੰਚਣਾ ਹੀ ਪਵੇਗਾ। ਰਿਸ਼ਤੇਦਾਰ ਕੀ ਕਹਿਣਗੇ।

ਅਨੂਪ ਚੰਦ : ਹਨ੍ਹੇਰੇ ਵਿੱਚ ਇਸ ਟਾਈਮ ਕਿੱਥੇ ਟੱਕਰਾਂ ਮਾਰਦੇ ਫਿਰਾਂਗੇ। ਬਾਪੂ ਨੇ ਕਿਹੜਾ ਜੀਂਦਾ ਹੋ ਜਾਣੈਂ ਸਾਡੇ ਹੁਣ ਜਾਣ 'ਤੇ। ਨਾਲੇ ਪੈੱਗ ਲੱਗੈ।

ਮੋਨਿਕਾ : ਤੁਹਾਡਾ ਪਿਓ ਸੀ। ਪਿਓ ਪੁੱਤਰਾਂ ਦਾ ਰਿਸ਼ਤਾ.... (ਰੋ ਪੈਂਦੀ ਹੈ) ਇਸ ਤੋਂ ਨੇੜੇ ਦਾ ਰਿਸ਼ਤਾ ਹੋਰ ਕਿਹੜਾ ਹੋ ਸਕਦੈ।

ਅਨੂਪ ਚੰਦ : ਪਿਓ ਮੇਰਾ ਸੀ। ਵਧੀਆ ਵਜਾ ਗਿਆ ਆਪਣੀ... ਬਾਕੀ ਇਸ ਦੁਨੀਆਂ ’ਤੇ ਅਕਬਰ ਬਾਦਸ਼ਾਹ ਵਰਗੇ ਨਹੀਂ ਰਹੇ। ਪੀਰ, ਫਕੀਰ ਤੁਰਦੇ ਬਣੇ ਤਾਂ ਬਾਪੂ ਵਿਚਾਰਾ.... ਆਪਾਂ ਜਾਵਾਂਗੇ ਸਵੇਰੇ, ਅੱਠ ਵਜੇ ਪਹੁੰਚਾ ਦਿਆਂਗਾ।

ਮੋਨਿਕਾ : ਸ਼ਰੀਕ ਸੌ ਸੌ ਗੱਲਾਂ ਕਰਨਗੇ। ਵੈਸੇ ਭੀ ਮਾਂ ਪਿਓ ਦੇ ਪੂਰੇ ਹੋਣ ’ਤੇ ਸਸਕਾਰ ਤੇ ਹੋਰ ਰਸਮਾਂ ਦੀ ਸਲਾਹ ਤਾਂ ਆਲੌਂਦ ਨੇ ਹੀ ਕਰਨੀ ਹੁੰਦੀ ਏ।

ਅਨੂਪ ਚੰਦ : ਸ਼ਰੀਕ ਬਥੇਰੇ ਤੇਜ਼ ਨੇ। ਉਹਨਾਂ ਸਾਰਾ ਪ੍ਰੋਗਰਾਮ ਫਾਈਨਲ ਕਰ ਲਿਆ ਹੋਵੇਗਾ। (ਬੱਬੂ ਆ ਜਾਂਦਾ ਹੈ, ਜਿਸ ਦੇ ਹੱਥ ਵਿੱਚ ਬੋਤਲ ਹੈ) ਬੱਬੂ ਲਿਆ ਇਧਰ ਕਰ ਬੋਤਲ।

ਮੋਨਿਕਾ : ਹੁਣ ਫਿਰ ਪੈੱਗ?

ਅਨੂਪ ਚੰਦ : ਮੂਡ ਖਰਾਬ ਜਿਹਾ ਹੋ ਗਿਐ। ਦੋ ਪੈੱਗ ਲਾਵਾਂਗਾ ਤਾਂ ਨੀਂਦ ਵੀ ਆ ਜਾਵੇਗੀ। ਨਹੀਂ ਤਾਂ ਸਾਰੀ ਰਾਤ ਬਾਪੂ ਵੱਲ ਹੀ ਖਿਆਲ ਜਾਂਦਾ ਰਹੇਗਾ। (ਬੱਬੂ ਦੋ ਗਲਾਸੀਆਂ ਅਤੇ ਟਰੇਅ ਵਿੱਚ ਖਾਣ ਵਾਲਾ ਨਮਕੀਨ ਲੈ ਆਉਂਦਾ ਹੈ)

ਲੈ ਬੱਬੂ, ਤੂੰ ਪੀ ਆਪਣੇ ਸੋਨੀ ਟੀਵੀ ਦੀ ਖੁਸ਼ੀ ਵਿੱਚ ਤੇ ਮੈਂ.... ਬਾਪੂ ਦੇ ਵਿਛੋੜੇ ਦੇ ਸੋਗ ਵਿੱਚ।

ਮੋਨਿਕਾ : ਬੱਬੂ ਤੂੰ ਨਾ ਪੀ।

ਬੱਬੂ : ਮੰਮੀ ਤੂੰ ਬੋਲੀ ਜਾਹ। ਮੈਂ ਤਾਂ ਨਿੱਕੇ ਨਿੱਕੇ ਦੋ ਪੈੱਗ ਲਾਵਾਂਗਾ ਹੀ। ਅੱਜ ਮਸਾਂ ਤਾਂ ਪੇਪਰ ਖਤਮ ਹੋਏ।

ਅਨੂਪ ਚੰਦ : (ਪੈੱਗ ਪੀਂਦਾ ਹੋਇਆ) ਬਾਕੀ ਤਾਂ ਚਲਦਾ ਰਹੇਗਾ। ਬਾਪੂ, ਤੇਰੀ ਥਾਂ ਅੱਜ ਪੈੱਗ ਕੌਣ ਲਾਏਗਾ.... ਤੇਰੀ ਯਾਦ ਅੱਜ ਕੁੱਝ ਜ਼ਿਆਦਾ ਹੀ ਆ ਰਹੀ ਏ।

(ਗਾਉਂਦਾ ਹੋਇਆ) ਤਿੰਨ ਰੰਗ ਨਹੀਂ ਲੱਭਣੇ ਬੀਬਾ,
ਹੁਸਨ, ਜਵਾਨੀ ਤੇ ਮਾਪੇ।

(ਪਰਦਾ)

(ਬਾਕੀ ਅਗਲੇ ਅੰਕ ’ਚ)

◆◆◆



# ਪੁਸਤਕ ਸਮੀਖਿਆ

## ਜੇਠੂ ਦਾ ਕੋਠਾ

***ਲੇਖਕ-ਸਤਵਿੰਦਰ ਸਿੰਘ ਬੇਗੋਵਾਲੀਆ***

***ਪ੍ਰਕਾਸ਼ਕ -ਸੁੰਦਰ ਬੁੱਕ ਡਿਪੋ, ਜਲੰਧਰ***

***ਮੁੱਲ - 100 ਰੁਪਏ, ਸਫ਼ੇ -112***

‘ਜੇਠੂ ਦਾ ਕੋਠਾ’ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਵੱਲੋਂ ਲਿਖੇ ਚਾਰ ਨਾਟਕਾਂ ਦਾ ਸੰਗ੍ਰਹਿ ਹੈ, ਜਿਸ ਵਿੱਚ ਜੇਠੂ ਦਾ ਕੋਠਾ, ਚੋਰ, ਅਪਾਹਜ ਅਤੇ ਨਾਟਕ ਹੀ ਨਾਟਕ ਨਾਂਅ ਦੇ ਨਾਟਕ ਸ਼ਾਮਿਲ ਕੀਤੇ ਗਏ ਹਨ। ਨਾਟਕਕਾਰ ਨੂੰ ਇਸ ਗੱਲ ਦਾ ਕਾਫ਼ੀ ਦੁੱਖ-ਦਰਦ ਮਹਿਸੂਸ ਹੁੰਦਾ ਹੈ ਕਿ ਅਕਾਦਮਿਕ ਸੈਮੀਨਾਰਾਂ ਵਿੱਚ ਆਲੋਚਕਾਂ ਅਤੇ ਨਿਰਦੇਸ਼ਕਾਂ ਵੱਲੋਂ ਪੰਜਾਬੀ ਨਾਟਕ ਦੀਆਂ ਖੇਡਣਯੋਗ ਸਕ੍ਰਿਪਟਾਂ ਦੀ ਘਾਟ ਦਾ ਰੌਲਾ ਪਾਇਆ ਜਾਂਦਾ ਜਦੋਂ ਕਿ ਨਵੀਆਂ ਚੰਗੀਆਂ ਨਾਟਕ ਲਿਖਤਾਂ ਨੂੰ ਬਿਨਾਂ ਪੜ੍ਹਨ ਤੋਂ ਪਰ੍ਹੇ ਸੁੱਟ ਦਿੱਤਾ ਜਾਂਦਾ। ਇਹ ਅਜਿਹਾ ਰੌਲਾ-ਰੱਪਾ ਪਾਉਣ ਵਾਲਿਆਂ ਨੂੰ ਹੀ ਇਹ ਪੁਸਤਕ ਸਮਰਪਿਤ ਕੀਤੀ ਗਈ ਹੈ।

ਪਹਿਲਾ ਨਾਟਕ ‘ਜੇਠੂ ਦਾ ਕੋਠਾ’ ਅੱਜ ਦੇ ਲੋੜਾਂ-ਥੁੜਾਂ ਮਾਰੇ ਮਨੁੱਖ ਦੀ ਕਹਾਣੀ ਹੈ ਜੋ ਮਿਹਨਤ-ਮੁਸ਼ੱਕਤ ਕਰਨ ਦੇ ਬਾਵਜੂਦ ਵੀ ਸਰਮਾਏਦਾਰਾਂ, ਸਿਆਸਤਦਾਨਾਂ ਦੇ ਚੁੰਗਲ ’ਚੋਂ ਬਾਹਰ ਨਹੀਂ ਆ ਸਕਦਾ ਅਤੇ ਕੁੱਲੀ, ਗੁੱਲੀ ਅਤੇ ਜੁੱਲੀ ਵਰਗੀਆਂ ਮੁੱਖ ਲੋੜਾਂ ਤੋਂ ਵੀ ਸੱਖਣਾ ਰਹਿੰਦਾ ਹੈ। ਇਸ ਨਾਟਕ ਵਿੱਚ ‘ਔਰਤ’ ਪ੍ਰਤੀ ਸਮਾਜ ਦੀ ਸੋਚਣੀ ਨੂੰ ਵੀ ਦਰਸਾਇਆ ਗਿਆ ਹੈ ਪਰ ਇਥੇ ਨਾਟਕਕਾਰ ਖ਼ੁਦ ਸਮੱਸਿਆ ਦਾ ਹੱਲ ਲੱਭਦਾ ਹੋਇਆ ਬੇਬੱਸ ਨਜ਼ਰ ਆਉਂਦਾ ਹੈ, ਕਿਉਂਕਿ ਆਮ ਆਦਮੀ ਦੇ ਸੁਪਨਿਆਂ ਦੇ ਮਹਿਲ, ਸੁਪਨਾ ਹੀ ਬਣ ਜਾਂਦੇ ਹਨ। ਦੂਸਰਾ ਨਾਟਕ ‘ਚੋਰ’ ਜ਼ਿੰਦਗੀ ਵਿੱਚ ਲੁੱਟਾਂ-ਖਸੁੱਟਾਂ ਦੇ ਸਤਾਏ ਇਨਸਾਨ ਦੀ ਕਹਾਣੀ ਹੈ ਜਿਹੜਾ ਸਾਰੀ ਉਮਰ ਲੋਕਾਂ ਦੇ ਹਿਸਾਬ-ਕਿਤਾਬ ਕਰਦਾ ਹੀ ਦੱਬਿਆ ਰਹਿੰਦਾ ਹੈ ਜਿਸ ਨੂੰ ਚੈਨ ਨਾਲ ਮਰਨ ਵੀ ਨਸੀਬ ਹੋਣ ਦੀ ਉਮੀਦ ਨਹੀਂ ਕਿਉਂਕਿ ਉਹਦੇ ਅੰਦਰਲੀ ਬੇਚੈਨੀ ਹੀ ਉਸ ਨੂੰ ਟਿਕਣ ਨਹੀਂ ਦਿੰਦੀ। ਇਸ ਨਾਟਕ ਦਾ ਨਾਇਕ ‘ਧੁੰਨਾ ਸਿੰਘ’ ਸਮਾਜ ਦੇ ਅਛੋਪਲੇ ਚੋਰਾਂ ਤੋਂ ਤੰਗ ਆ ਕੇ ਖ਼ੁਦ ਡਾਕੂਮਈ ਚੋਰ ਬਣਨ ਦਾ ਐਲਾਨ ਕਰਦਾ ਹੋਇਆ ਸਮੇਂ ਨੂੰ ਵੰਗਾਰਦਾ ਹੈ ਤੀਸਰੇ ਨਾਟਕ ‘ਅਪਾਹਜ’ ਵਿੱਚ ਇਸ ਅਪਾਹਜ ਸਮਾਜ ਦੀ ਤਸਵੀਰ ਖਿੱਚੀ ਗਈ ਹੈ। ਇਸ ਨਾਟਕ ਰਾਹੀਂ ਨਾਟਕਕਾਰ ਨੇ ਦੇਸ਼ ਦੇ ਨਾਗਰਿਕਾਂ ਨੂੰ ਆਪਣੇ-ਆਪਣੇ ਅੰਦਰ ਝਾਤ ਮਾਰਨ ਦਾ ਸੰਦੇਸ਼ ਦਿੱਤਾ ਹੈ ਤਾਂ ਕਿ ਅਸੀਂ ਬਿਨਾਂ ਵਜ੍ਹਾ

ਅਪਾਹਜ ਬਣ ਕੇ ਨਾ ਰਹਿ ਜਾਈਏ। ਪੁਸਤਕ ਦਾ ਆਖਰੀ ਨਾਟਕ ਹੈ 'ਨਾਟਕ ਹੀ ਨਾਟਕ' ਇਕ ਨਾਟਕਕਾਰ ਦੀ ਕਹਾਣੀ ਹੈ ਜੋ ਸਮਾਜਿਕ ਤਾਣੇ-ਬਾਣੇ ਨੂੰ ਪਲਸਾਉਣ ਦੇ ਯਤਨ ਵਿੱਚ ਹੈ।

ਨਾਟਕਕਾਰ ਵੱਲੋਂ ਆਪਣੇ ਸਮਰਪਣ ਵਿੱਚ ਕੀਤੇ ਐਲਾਨਨਾਮੇ ਮੁਤਾਬਿਕ ਇਨ੍ਹਾਂ ਨਾਟਕਾਂ ਨੂੰ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਹ ਨਾਟਕ ਸਮੇਂ ਦੇ ਸੱਚ ਨੂੰ ਬਿਆਨਦੇ ਹੋਏ ਮਨੁੱਖਤਾ ਦੀ ਗੱਲ ਕਰਦੇ ਹਨ। ਸੱਚਮੁੱਚ ਚਾਰੇ ਨਾਟਕ ਖੇਡਣਯੋਗ ਅਤੇ ਰੰਗਮੰਚੀ ਤਕਨੀਕਾਂ 'ਤੇ ਖਰੇ ਉਤਰਦੇ ਹਨ। ਨਾਟਕਕਾਰ ਨੇ ਸਮੇਂ ਦੇ ਵੱਡੇ ਸਪੈਨ ਨੂੰ ਬਹੁਤ ਸੰਜਮ ਨਾਲ ਵਰਤਦਿਆਂ ਨਾਟਕੀ ਘਟਨਾਵਾਂ, ਵਾਰਤਾਲਾਪ ਅਤੇ ਦ੍ਰਿਸ਼ ਸਿਰਜਣ ਵਿੱਚ ਕਮਾਲ ਵਿਖਾਈ ਹੈ।

**-ਡਾ. ਨਿਰਮਲ ਜੌੜਾ।**

◆◆◆

## *ਬੜਾ ਕੁਝ ਕਹਿਣ ਕਹਾਣੀਆਂ (ਕਹਾਣੀ ਸੰਗ੍ਰਹਿ)*

**ਰਾਜਿੰਦਰ ਵਰਮਾ**

**ਕਹਾਣੀਕਾਰ : ਜਗਮੀਤ ਸਿੰਘ ਪੰਧੇਰ**

**ਪੰਨ. 120 ਕੀਮਤ 200 ਰੁਪਏ**

**ਪ੍ਰਕਾਸ਼ਕ - ਲਾਲ ਸਿੰਘ ਪਬਲੀਕੇਸ਼ਨ, ਕੁੱਪਕਲਾਂ (ਸੰਗਰੂਰ)**

**ਸੰਪਰਕ 97810-44931**

ਜਗਮੀਤ ਸਿੰਘ ਪੰਧੇਰ ਇਕ ਪ੍ਰੌੜ ਕਹਾਣੀਕਾਰ ਹੈ। ਇਸ ਤੋਂ ਪਹਿਲਾਂ ਉਹ ਰੱਬ ਵਰਗੇ ਬੰਦੇ (2007) ਕਹਾਣੀ ਸੰਗ੍ਰਹਿ ਮਾਤ ਭਾਸ਼ਾ ਨੂੰ ਅਰਪਿਤ ਕਰ ਚੁੱਕਾ ਹੈ।

ਇਸ ਪੁਸਤਕ ਵਿੱਚ ਉਸਦੀਆਂ 19 ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਹਰ ਕਹਾਣੀ ਇਕ ਸਮੱਸਿਆ ਉਤੇ ਉਂਗਲ ਹੀ ਨਹੀਂ ਧਰਤੀ ਸਗੋਂ ਉਸਦਾ ਹੱਲ ਲੱਭਦੀ ਨਜ਼ਰ ਆਉਂਦੀ ਹੈ । ਸਭ ਤੋਂ ਪਹਿਲੀ ਕਹਾਣੀ 'ਅਣਮੁੱਲੇ ਰਿਸ਼ਤੇ' ਦੇ ਅਜਿਹੇ ਰਿਸ਼ਤੇ ਦੀ ਗੱਲ ਕੀਤੀ ਹੈ ਜੋ ਅਣਜਾਣੇ ਹਨ ਪ੍ਰਤੂੰ ਉਨ੍ਹਾਂ ਦੀ ਸਾਂਝ ਅਨੂਠੀ ਹੈ। ਉਹ ਇੱਕ ਦੂਜੇ ਤੋਂ ਵਿਛੜਦੇ ਸਮੇਂ ਹੰਝੂਆਂ ਦੀ ਝੜੀ ਲਗਾ ਦਿੰਦੇ ਹਨ। ਪ੍ਰੋ. ਪੂਰਨ ਸਿੰਘ ਅਨੁਸਾਰ "ਪਿਆਰ ਰਾਹ ਜਾਂਦਿਆਂ ਮੱਲੇ ਮੱਲੀ ਪੈ ਜਾਂਦੈ, ਨਹੁੰ ਨਾ ਲਗਦੇ ਜੋਰੀ ਦਾ ਸਿਧਾਂਤ ਇਸ ਕਹਾਣੀ ਵਿੱਚ ਉੱਭਰ ਕੇ ਸਾਹਮਣੇ ਆਇਆ ਹੈ।

'ਮੁੱਕਦੀ ਗੱਲ' 'ਚ ਸੋਹਰੇ ਪਰਿਵਾਰ ਤੋਂ ਸਤਾਈ ਧੀ ਆਪਣੀ ਮਾਂ ਕੋਲ ਆ ਜਾਂਦੀ ਹੈ। ਉਸ ਦੀ ਗੋਦ ਇਕ ਲੜਕੀ ਹੈ। ਉਹ ਕੱਪੜੇ ਸਿਉਂ ਕੇ ਨਵੀਂ ਜ਼ਿੰਦਗੀ ਜਿਉਣ ਦਾ ਅਹਿਦ



ਕਰਦੀ ਹੈ ਅਤੇ ਸਹੁਰੇ ਪਰਿਵਾਰ ਤੋਂ ਹਮੇਸ਼ਾ ਲਈ ਪਿੱਛਾ ਛੁਡਾ ਲੈਂਦੀ ਹੈ। ਕਹਾਣੀ 'ਠੇਡਾ' ਜਾਤ-ਪਾਤ ਦੇ ਮੂੰਹ ਤੇ ਜ਼ਬਰਦਸਤ ਚਪੇੜ ਹੈ। ਇਕ ਕਰਿੰਦੇ ਦਾ ਬੇਟਾ ਸਰਦਾਰ ਦੀ ਹਵੇਲੀ 'ਚੋਂ ਚਾਹ ਦੇ ਗਿਲਾਸ ਨੂੰ ਛੇਡਾ ਮਾਰ ਕੇ ਬਾਹਰ ਆ ਜਾਂਦਾ ਹੈ ਕਿਉਂਕਿ ਉਹ ਉਚ ਜਾਤੀ ਦੀ ਜੁੱਤੀ ਹੇਠ ਨਹੀਂ ਰਹਿਣਾ ਚਾਹੁੰਦਾ।

'ਹਿਸਾਬ ਕਿਤਾਬ' 'ਚ ਕਮਾ ਰਹੀ ਨੂੰਹ, ਆਪਣੇ ਸਹੁਰੇ ਪਰਿਵਾਰ ਨੂੰ ਟਿੱਚ ਕਰਕੇ ਜਾਣਦੀ ਹੈ ਕਿਉਂਕਿ ਉਹ ਆਪਣੇ ਤਨਖਾਹ ਤੇ ਆਪਣਾ ਹੱਕ ਰੱਖਦੀ ਹੈ। ਰੱਖਣਾ ਵੀ ਚਾਹੀਦਾ ਹੈ। ਉਹ ਆਪਣੇ ਪਤੀ ਨੂੰ ਕਹਿੰਦੀ ਏ, ਹੁਣ ਇੱਕ ਨਹੀਂ, ਦੋ ਸਾਈਕਲ ਆਉਣਗੇ, ਇਕ ਮੇਰੇ ਲਈ, ਇਕ ਰਾਜੂ ਲਈ।

"ਕੁੜੀਓ ਫੂਕਿਓ ਨਾ ਗੁੱਡੀ" ਦਹੇਜ ਦੀ ਪ੍ਰਥਾ ਦਾ ਪਾਜ ਉਘਾੜਦੀ ਚੰਗੀ ਰਚਨਾ ਹੈ। ਦਹੇਜ਼ ਦੀ ਆੜ 'ਚ ਸਹੁਰੇ ਪਰਿਵਾਰ ਵੱਲੋਂ ਸਾੜੀ ਗਈ ਭੈਣ ਦਾ ਭਰਾ ਪਾਗਲ ਹੋ ਜਾਂਦਾ ਹੈ ਅਤੇ ਜ਼ਮੀਨ ਵੇਚ ਕੇ ਮਿਲਿਆ ਪੈਸਾ ਉਹ ਭੈਣ ਦੀ ਚਿਖਾ ਉਤੇ ਸੁੱਟ ਦਿੰਦਾ ਹੈ।

ਕਹਾਣੀਕਾਰ ਜਗਮੀਤ ਪੰਧੇਰ, ਲੋਕਾਂ ਦੀਆਂ ਕਹਾਣੀਆਂ ਦਾ ਕਹਾਣੀਕਾਰ ਹੈ ਜੋ ਉਨ੍ਹਾਂ ਦਾ ਦਰਦ ਆਪਣੇ ਪਿੰਡੇ 'ਤੇ ਹੰਢਾ ਰਿਹਾ ਹੈ। ਕਹਾਣੀਕਾਰ ਅਤੇ ਪ੍ਰਕਾਸ਼ਕ ਦੋਨੋਂ ਹੀ ਵਧਾਈ ਦਾ ਹੱਕ ਰੱਖਦੇ ਹਨ। ਕਹਾਣੀ ਖੇਤਰ 'ਚ ਕਹਾਣੀ ਸੰਗ੍ਰਹਿ ਦਾ ਸੁਆਗਤ ਹੈ।

◆◆◆